# ਅੰਮ੍ਰਿਤ ਕੀਰਤਨ

ਅਪ੍ਰੈਲ 2003



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# Amrit Kirtan

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 4 ◆ ਸਾਲ ਪੰਦਰਵਾਂ ◆ ਅਪ੍ਰੈਲ 2003

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ** : 0172-701396, 713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-772660

e-mail: drjagirsingh@rediffmail.com

**ਮਿਤ੍ਰੁ ਅਸਾਡੜੇ ਸੇਈ** 2
*ਪਾਠਕਾਂ ਦੇ ਪੱਤਰ*

**ਕਰਉ ਬੇਨੰਤੀਆ** 3
*ਸੰਪਾਦਕੀ*

**ਇਕ ਅਨੋਖਾ ਰਹਿਤਨਾਮਾ** 5
*ਡਾ. ਜਾਗੀਰ ਸਿੰਘ*

**ਗੁਰਮਤਿ ਸੰਗੀਤ ਵਿਚ ਪ੍ਰਯੋਗ ਹੋਣ ਵਾਲੇ ਸਾਜ਼** 12
*ਡਾ. ਭਗਵੰਤ ਕੌਰ*

**ਗੁਰਮਤਿ ਸੰਗੀਤ ਵਿਚ ਰਬਾਬੀ ਸੰਗੀਤਕਾਰਾਂ...** 16
*ਰੀਮਾ ਸ਼ਰਮਾ*

**ਰਾਗੀ ਰਤਨ ਮਾਲਾ** 18
*ਭਾਈ ਕਰਮ ਸਿੰਘ ਰਤਨ*

**Amritvela Sach Naon Vadiai Vichar...** 22
*Bhagwant Singh Dalawari*

**ਸੁਰ ਲਿਪੀਆਂ** 25
*ਭਾਈ ਸੁਖਵੰਤ ਸਿੰਘ*

**ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ** 27
*ਮਨਮੋਹਨ ਸਿੰਘ*

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Phone: 0172 - 391443

# ਮਿਤ੍ਰ ਅਸਾਡੜੇ ਸੇਈ

♦ ਤੁਹਾਡਾ ਭੇਜਿਆ ਹੋਇਆ 'ਅਮ੍ਰਿਤ ਕੀਰਤਨ' ਪ੍ਰਾਪਤ ਕੀਤਾ। ਤੁਸੀਂ ਜਿਸ ਅਤੁੱਟ ਲਗਨ ਤੇ ਨਿਰੰਤਰ ਮਿਹਨਤ ਨਾਲ ਇਹ ਸੁਭਾਗਾ ਕੰਮ ਕਰ ਰਹੇ ਹੋ, ਉਸਦੀ ਦਾਦ ਦੇਣੀ ਬਣਦੀ ਏ। ਰਸਾਲੇ ਦਾ ਸਾਰਾ ਮੈਟਰ ਉਪਯੋਗੀ ਤੇ ਪ੍ਰਸੰਸਾ ਯੋਗ ਏ।

*- ਕੇਸਰ ਸਿੰਘ ਆਜਿਜ਼*

*ਪਿੰਡ ਤੇ ਡਾਕਘਰ ਅਲਾਚੌਰ, ਜ਼ਿਲ੍ਹਾ ਨਵਾਂਸ਼ਹਿਰ*

♦ ਮਾਰਚ ਅੰਕ ਬੇਹੱਦ ਪਸੰਦ ਆਇਆ। 'ਕਰਉ ਬੇਨੰਤੀਆ' ਡਾਕਟਰ ਜਗੀਰ ਸਿੰਘ ਜੀ ਦੀ ਤਹਿਰੀਰ ਕਾਬਿਲੇ ਤਾਰੀਫ ਸੀ। ਡਾ. ਗੁਰਨਾਮ ਸਿੰਘ ਦਾ ਲੇਖ 'ਗੁਰਮਤਿ ਸੰਗੀਤ ਦੇ ਰਾਗ ਵਿਧਾਨ ਦੀ ਮੌਲਿਕਤਾ', ਡਾ. ਗੁਰਮੀਤ ਸਿੰਘ ਬੈਦਵਾਣ ਦਾ ਲੇਖ 'ਰਵਿਦਾਸ ਬਾਨੀ ਵਿਚ ਸਦਾਚਾਰ ਦਾ ਸੰਕਲਪ', ਸਵਿਤਾ ਉਪਲ ਦਾ ਲੇਖ 'ਗੁਰਮਤਿ ਸੰਗੀਤ ਪ੍ਰੰਪਰਾ ਵਿਚ ਗੁਰੂ ਅਰਜਨ ਦੇਵ ਜੀ' ਰਾਗ ਸ੍ਰੀਰਾਗ ਦੀਆਂ ਬੰਦਸ਼ਾਂ ਵਲੋਂ ਜਵੱਦੀ ਟਕਸਾਲ ਲੁਧਿਆਣਾ, ਮਨਮੋਹਨ ਸਿੰਘ ਦਾਊਂ ਦੀ ਰਚਨਾ 'ਪੈਂਡੇ ਤੇ ਪਾਂਧੀ' ਕਵਿਤਾ ਆਦਿਕ ਲੇਖ ਬਹੁਤ ਹੀ ਖੋਜ ਭਰਪੂਰ ਸੀ।

*- ਪ੍ਰੋ. ਮੰਗਤ ਸਿੰਘ ਮਸਤਾਨਾ*

*ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀਰਾਮ, ਮਲੋਟ*

♦ Thank you for regularly sending 'Amrit Kirtan' for the last so many years. My wife and I like it very much and hope by the grace of Waheguru Ji you will continue to provide this excellent service to sikh sangat with enlightened articles on sangeet and gurbani.

***- Pritam S. Cheema***

*17, Lunenburg St. John's, Newfoundland, Canada AIA 5A5*

♦ Thanks so much for sending me your periodical 'Amrit Kirtan'. I have found it very informative and have come to know many new things through it.

*ਵਿਛੜੇ ਹੋਏ ਸੱਜਣਾਂ ਦਾ,*
*ਦੁਖ ਦਿਲ ਨੂੰ ਖਾ ਜਾਂਦਾ।*
*ਸਾਡੀ ਈਦ ਵੀ ਹੋ ਜਾਂਦੀ,*
*ਜੇ ਉਹ ਫੇਰਾ ਪਾ ਜਾਂਦਾ।*

***- Khalid Bajwa***

*28/3R, Shaheed Chowk, Distt. Bahawal Nagar, Pakistan*

# ਭਾਈ ਬਖਸ਼ੀਸ਼ ਸਿੰਘ ਜੀ ਨੂੰ ਯਾਦ ਕਰਦਿਆਂ

ਮੈਨੂੰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਦੋ-ਢਾਈ ਸਾਲ ਪ੍ਰਸਿੱਧ ਰਾਗੀ ਭਾਈ ਬਖਸ਼ੀਸ਼ ਸਿੰਘ ਹੋਰਾਂ ਨਾਲ ਕੀਰਤਨ ਕਰਨ ਦਾ ਮੌਕਾ ਮਿਲਿਆ। ਭਾਈ ਸਾਹਿਬ ਦੀ ਬੁਲੰਦ ਆਵਾਜ਼ ਤਾਂ ਕੁਦਰਤ ਦੀ ਦੇਣ ਸੀ। ਪਰ ਲੈਅ ਤਾਲ ਦੀ ਸੂਝ ਅਤੇ ਸ਼ਬਦ ਦੇ ਅਨੁਸਾਰ ਰਾਗ ਗੀਤ ਤਿਆਰ ਕਰਨੀ ਇਹ ਉਨ੍ਹਾਂ ਦਾ ਅਭਿਆਸ ਸੀ। ਉਦੋਂ ਉਹ ਸਿਰਮੌਰ ਰਾਗੀਆਂ ਵਿਚੋਂ ਗਿਣੇ ਜਾਂਦੇ ਸਨ। ਉਸ ਸਮੇਂ ਦੀਆਂ ਕਈ ਖੱਟੀਆਂ-ਮਿੱਠੀਆਂ ਯਾਦਾਂ ਮੇਰੇ ਚੇਤੇ ਦੀ ਪਟਾਰੀ ਵਿੱਚ ਬੈਠੀਆਂ ਹੋਈਆਂ ਹਨ। ਇੱਕ ਵਾਰ ਬਠਿੰਡੇ ਕੀਰਤਨ ਕਰਨ ਗਏ। ਭਾਈ ਸਾਹਿਬ ਦੇ ਨਾਲ ਉਹਨੀ ਦਿਨੀ ਭਾਈ ਕੁਲਵੰਤ ਸਿੰਘ ਤਬਲਾ ਵਜਾਉਂਦੇ ਸਨ। ਸ਼ਾਮ ਦਾ ਕੀਰਤਨ ਸੀ। ਭਾਈ ਸਾਹਿਬ ਬੜਾ ਵਧੀਆ ਕੀਰਤਨ ਕਰ ਰਹੇ ਸਨ। ਭਾਈ ਕੁਲਵੰਤ ਸਿੰਘ ਤਬਲੇ ਉਤੇ ਆਪਣੇ ਰੰਗ ਦਿਖਾ ਰਹੇ ਸਨ ਅਤੇ ਮੈਂ ਵੀ ਉਤਸ਼ਾਹ ਨਾਲ ਅਲਾਪ ਤਾਨ ਲੈ ਰਿਹਾ ਸਾਂ। ਕੀਰਤਨ ਤੋਂ ਬਾਅਦ ਇੱਕ-ਦੋ ਸੱਜਣਾਂ ਨੇ ਆ ਕੇ ਭਾਈ ਕੁਲਵੰਤ ਸਿੰਘ ਦੇ ਤਬਲੇ ਦੀ ਅਤੇ ਮੇਰੀਆਂ ਤਾਨਾਂ ਦੀ ਸਿਫਤ ਕੀਤੀ। ਅਸੀਂ ਬੜੀ ਫੂਕ ਛਕ ਗਏ। ਜਦੋਂ ਅਸੀਂ ਕਮਰੇ ਵਿੱਚ ਆਏ ਤਾਂ ਭਾਈ ਬਖਸ਼ੀਸ਼ ਸਿੰਘ ਜੀ ਨੇ ਕਿਹਾ, "ਕੁਲਵੰਤ ਸਿੰਘ ਜੀ ਅਗੋਂ ਤੋਂ ਤਬਲਾ ਇੰਜ ਨਹੀਂ ਵਜਾਉਣਾ ਕਿ ਕੋਈ ਤੁਹਾਡੇ ਤਬਲੇ ਦੀ ਤਾਰੀਫ ਕਰੇ ਅਤੇ ਤੂੰ ਵੀ ਜਾਗੀਰ ਸਿੰਘ ਇੰਜ ਤਾਨਾਂ ਨਹੀਂ ਲੈਣੀਆਂ ਕਿ ਲੋਕਾਂ ਨੂੰ ਮੇਰੇ ਕੀਰਤਨ ਨਾਲੋਂ ਉਹ ਵਧੇਰੇ ਪ੍ਰਭਾਵਸ਼ਾਲੀ ਜਾਪਣ।"

ਸਾਡੀ ਦੋਹਾਂ ਦੀ ਫੂਕ ਨਿਕਲ ਗਈ। ਮੈਂ ਸਮਝਿਆ ਕਿ ਭਾਈ ਸਾਹਿਬ ਮੇਰੇ ਸੁਰੀਲੇ ਗਲੇ ਤੋਂ ਖਾਰ ਖਾਂਦੇ ਹਨ। ਜਦੋਂ ਵੀ ਮੈਨੂੰ ਤੇ ਕੁਲਵੰਤ ਸਿੰਘ ਨੂੰ ਮੌਕਾ ਮਿਲਦਾ ਅਸੀਂ ਇਸ ਗੱਲ ਪਿਛੇ ਭਾਈ ਸਾਹਿਬ ਦੀ ਨਿੰਦਿਆ ਸ਼ੁਰੂ ਕਰ ਦਿੰਦੇ ਕੀ ਭਾਈ ਸਾਹਿਬ ਨਹੀਂ ਚਾਹੁੰਦੇ ਅਸੀਂ ਤਰੱਕੀ ਕਰੀਏ। ਜੇ ਅਸੀਂ ਵਾਧੂ ਗਾਵਾਂਗੇ- ਵਜਾਵਾਂਗੇ ਨਹੀਂ ਤਾਂ ਸਾਨੂੰ ਕੌਣ ਪੁੱਛੇਗਾ। ਜਿੰਨੀ ਦੇਰ ਮੈਂ ਭਾਈ ਬਖਸ਼ੀਸ਼ ਸਿੰਘ ਨਾਲ ਰਿਹਾ ਮੇਰੇ ਮਨ ਵਿੱਚ ਉਹਨਾਂ ਪ੍ਰਤੀ ਇਹੋ ਜਿਹੇ ਭਾਵ ਰਹੇ।

ਜਦੋਂ ਮੈਂ ਆਪਣਾ ਜਥਾ ਬਣਾ ਕੇ ਕੀਰਤਨ ਸ਼ੁਰੂ ਕੀਤਾ ਤਾਂ ਭਾਈ ਸਾਹਿਬ ਵਾਲੀਆਂ ਹਦਾਇਤਾਂ ਹੀ ਮੈਨੂੰ ਆਪਣੇ ਸਾਥੀਆਂ ਨੂੰ ਦੇਣੀਆਂ ਪਈਆਂ। ਭਾਈ ਸਾਹਿਬ ਦੇ ਕੀਰਤਨ ਦੇ ਪ੍ਰਭਾਵਸ਼ਾਲੀ ਹੋਣ ਦੇ ਕਾਰਨ ਸਪਸ਼ਟ ਹੋਣ ਲੱਗੇ।

ਅਸਲ ਵਿੱਚ ਕੀਰਤਨ ਵੀ ਇੱਕ ਟੀਮ-ਕਾਰਜ ਹੈ। ਅੱਜ ਕੱਲ ਕੁਝ ਪੁਸਤਕਾਂ ਮੈਨੇਜਮੈਂਟ ਤੇ ਪੜ੍ਹ ਰਿਹਾ ਹਾਂ। ਕਈ ਗੱਲਾਂ ਵਿਚ ਮੈਨੂੰ ਮੁਖੀ ਕੀਰਤਨੀਆ ਮੈਨੇਜਰ ਜਾਪਣ ਲੱਗ ਪੈਂਦਾ ਹੈ। ਮੁਖੀ ਕੀਰਤਨੀਆ ਜਦੋਂ ਕੀਰਤਨ ਕਰਦਾ ਹੈ ਤਾਂ ਉਸ ਨੇ ਕਿੰਨੀਆਂ ਹੀ ਗੱਲਾਂ ਦਾ ਧਿਆਨ ਰੱਖਣਾ ਹੁੰਦਾ ਹੈ।

- ਉਹ ਕੀਰਤਨ ਕਿਉਂ ਕਰ ਰਿਹਾ ਹੈ।
- ਕੀਰਤਨ ਕਿਸ ਤਰ੍ਹਾਂ ਦੇ ਸਮਾਗਮ ਤੇ ਹੋ ਰਿਹਾ ਹੈ।
- ਕੀਰਤਨ ਸੁਣਨ ਵਾਲੇ ਸਰੋਤੇ ਕਿਸ ਤਰ੍ਹਾਂ ਦੇ ਹਨ।

- ਪਹਿਲੇ ਕੀਰਤਨੀ ਜਥੇ ਨੇ ਕਿਹੜੇ ਸ਼ਬਦਾਂ-ਰਾਗਾਂ ਦਾ ਗਾਇਨ ਕੀਤਾ ਹੈ।
- ਹੁਣ ਮੈਂ ਕਿਹੜੇ ਸ਼ਬਦ ਗਾਇਨ ਕਰਨੇ ਹਨ।
- ਮੇਰੇ ਨਾਲ ਕੀਰਤਨ ਕਰਨ ਵਾਲਾ ਸਾਥੀ ਕਿੰਨਾ ਕੁ ਸਿਆਣਾ ਹੈ। ਉਸ ਦੀ ਆਵਾਜ਼ ਕਿਸ ਤਰ੍ਹਾਂ ਦੀ ਹੈ।
- ਮੇਰੇ ਨਾਲ ਤਬਲਾ ਵਜਾਉਣ ਵਾਲਾ ਕਿਸ ਤਰ੍ਹਾਂ ਦਾ ਹੈ।
- ਤਬਲੇ ਵਾਲੇ ਦਾ ਲੈਅ ਉਤੇ ਕਾਬੂ ਹੈ।
- ਉਸਦਾ ਹੱਥ ਕਿਸ ਤਰ੍ਹਾਂ ਦਾ ਹੈ।
- ਉਸਨੂੰ ਕਿੰਨਾ ਕੁ ਕੰਮ ਆਉਂਦਾ ਹੈ।
- ਕੀਰਤਨ ਕਰਨ ਸਮੇਂ ਜੇ ਕਿਸੇ ਨੇ ਕਿਸੇ ਸ਼ਬਦ ਦੀ ਫਰਮਾਇਸ਼ ਕਰ ਦਿਤੀ ਤਾਂ ਵੀ ਮਾਹੌਲ ਬਦਲ ਜਾਂਦਾ ਹੈ।

ਮੁਖੀ ਕੀਰਤਨੀਏ ਨੂੰ ਇਹਨਾਂ ਸਾਰੀਆਂ ਗੱਲਾਂ ਦਾ ਧਿਆਨ ਰਖਣਾ ਪੈਂਦਾ ਹੈ। ਉਸ ਦੀ ਇਹ ਇੱਛਾ ਹੁੰਦੀ ਹੈ ਕਿ ਗੁਰਬਾਣੀ ਦੇ ਪਵਿੱਤਰ ਸ਼ਬਦ ਨਾਲ ਉਹ ਜਿਸ ਪ੍ਰਕਾਰ ਦਾ ਪ੍ਰਭਾਵ-ਮੰਡਲ ਸਿਰਜਣਾ ਚਾਹੁੰਦਾ ਹੈ ਮੇਰੇ ਦੋਵੇਂ ਸਾਥੀ ਉਸ ਸਿਰਜਣਾ ਵਿੱਚ ਮੇਰੀ ਸਹਾਇਤਾ ਕਰਨ ਨਾ ਕਿ ਉਹ ਆਪਣੀ ਮੌਲਿਕ ਸਿਰਜਣਾ ਕਰਨ ਲਗ ਪੈਣ ਭਾਵ ਆਪਣੀ ਕਲਾ ਦਾ ਪ੍ਰਗਟਾਅ ਕਰਨ। ਕੀਰਤਨ ਵਿੱਚ ਕਲਾ ਪ੍ਰਗਟਾਵਾ ਕਦੀ ਵੀ ਮੁੱਖ ਨਹੀਂ ਹੁੰਦਾ।

ਸਿਖ ਇਤਿਹਾਸ ਵਿੱਚ ਇੱਕ ਵਿਚਾਰ ਪ੍ਰਚਲਤ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਕੀਰਤਨ ਨਾਲ ਸਾਰੰਗੀ ਵਜਾਉਣ ਦੀ ਮਨਾਹੀ ਕਰ ਦਿੱਤੀ ਸੀ। ਇਸ ਵਿਚ ਸਾਰੰਗੀ ਦਾ ਦੋਸ਼ ਨਹੀਂ ਸਗੋਂ ਵਜਾਉਣ ਵਾਲੇ ਦਾ ਦੋਸ਼ ਹੈ। ਉਹ ਜ਼ਰੂਰ ਹੀ ਗਾਇਨ ਕੀਤੇ ਜਾ ਰਹੇ ਸ਼ਬਦ ਦੀ ਥਾਂ ਆਪਣਾ ਨਿਵੇਕਲਾ ਪ੍ਰਭਾਵ ਪਾ.... ਰਿਹਾ ਹੋਵੇਗਾ। ਅੱਜਕਲ ਹਰਮੋਨੀਅਮ ਬਾਰੇ ਕਈ ਚੰਗਾ ਵਿਚਾਰ ਨਹੀਂ ਰਖਦੇ ਉਹ ਤੰਤੀ ਸਾਜ਼ਾਂ ਦੇ ਪ੍ਰਚਲਨ ਬਾਰੇ ਗੱਲ ਕਰਦੇ ਹਨ। ਇਹ ਚੰਗੀ ਗੱਲ ਹੈ -ਪੁਰਾਤਨ ਸਾਜ਼ਾਂ ਨੂੰ ਸੁਰਜੀਤ ਕਰਨਾ ਚਾਹੀਦਾ ਹੈ। ਪਰ ਕੀਰਤਨ ਦੇ ਸੁਰੀਲੇਪਨ ਨੂੰ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਬਹੁਤੇ ਲੋਕ ਸੁਣੀਆਂ ਸੁਣਾਈਆਂ ਗੱਲਾਂ ਦੁਹਰਾਈ ਜਾਂਦੇ ਹਨ। ਅਸਲ ਵਿੱਚ ਕੋਈ ਵੀ ਸਾਜ਼ ਘਟੀਆ ਵਧੀਆ ਨਹੀਂ ਹੁੰਦਾ ਸਗੋਂ ਵਜਾਉਣ ਵਾਲੇ ਤੇ ਨਿਰਭਰ ਹੈ ਕਿ ਉਹ ਕਿਸੇ ਸਾਜ਼ ਨੂੰ ਕਿਵੇਂ ਵਜਾਉਂਦਾ ਹੈ। ਜਿਸ ਨੂੰ ਤੰਤੀ ਸਾਜ਼ ਸੁਰ ਕਰਨਾ ਨਹੀਂ ਆਉਂਦਾ ਹੈ ਉਸਦੇ ਹੱਥ ਵਿੱਚ ਭਾਵੇਂ ਰਬਾਬ ਦੇ ਦਿਓ ਕੀਰਤਨ ਕਰਨ ਸੁਣਨ ਦਾ ਆਨੰਦ ਨਹੀਂ ਆਵੇਗਾ। ਸਾਰੇ ਸਾਜ਼ਾਂ ਨੂੰ ਕੀਰਤਨ ਵਿੱਚ ਸਹਾਇਕ ਦਾ ਕੰਮ ਕਰਨਾ ਹੁੰਦਾ ਹੈ।

ਜਦੋਂ ਮੈਂ ਭਾਈ ਬਖਸ਼ੀਸ਼ ਸਿੰਘ ਹੋਰਾਂ ਨਾਲ ਕੀਰਤਨ ਕਰਦਾ ਸਾਂ ਮੇਰਾ ਹੱਥ ਹਰਮੋਨੀਅਮ ਤੇ ਉਸ ਤਰ੍ਹਾਂ ਨਹੀਂ ਸੀ ਚਲਦਾ ਜਿਵੇਂ ਭਾਈ ਸਾਹਿਬ ਚਾਹੁੰਦੇ ਸਨ। ਭਾਈ ਬਖਸ਼ੀਸ਼ ਸਿੰਘ ਹਰਮੋਨੀਅਮ ਵਜਾਉਣ ਵਿੱਚ ਮਾਹਿਰ ਸਨ। ਕਦੀ ਕਦੀ ਮੇਰੇ ਹਰਮੋਨੀਅਮ ਦੀ ਆਵਾਜ਼ ਉੱਚੀ ਨਿਕਲ ਜਾਂਦੀ ਤਾਂ ਉਹ ਬਹੁਤ ਦੁਖੀ ਹੁੰਦੇ। ਅਖੀਰ ਇੱਕ ਦਿਨ ਉਹਨਾਂ ਨੇ ਮੇਰੇ ਹਰਮੋਨੀਅਮ ਦਾ ਪੱਖਾ ਪਾੜ ਦਿੱਤਾ। ਹੁਣ ਮੈਂ ਹਰਮੋਨੀਅਮ ਵਜਾਉਣ ਦੀ ਐਕਟਿੰਗ ਕਰਦਾ ਸਾਂ। ਭਾਈ ਸਾਹਿਬ ਸਮਝਾਉਂਦੇ ਸਨ ਕਿ ਕੀਰਤਨ ਪ੍ਰਮੁਖ ਹੈ ਬਾਕੀ ਸਭ ਹੇਠਾਂ ਹਨ। ਜਦੋਂ ਮੈਂ ਆਪ ਮੁਖੀ ਕੀਰਤਨੀਆਂ ਬਣਿਆ ਤਾਂ ਭਾਈ ਬਖਸ਼ੀਸ਼ ਸਿੰਘ ਲਈ ਮੇਰੇ ਮਨ ਵਿੱਚ ਸਤਿਕਾਰ ਵਧ ਗਿਆ।

ਖਾਲਸਾ ਸਾਜਨਾ ਦਿਵਸ ਲਈ ਵਿਸ਼ੇਸ਼

# ਇਕ ਅਨੋਖਾ ਰਹਿਤਨਾਮਾ


**ਡਾ. ਜਾਗੀਰ ਸਿੰਘ**

422, ਸੈਕਟਰ 15-ਏ
ਚੰਡੀਗੜ੍ਹ 160 015


'ਰਹਿਤਨਾਮਾ' ਸ਼ਬਦ ਸਿੱਖ ਸਾਹਿਤ ਦੀ ਇੱਕ ਖਾਸ ਵਿਧਾ ਲਈ ਪ੍ਰਯੋਗ ਕੀਤਾ ਜਾਂਦਾ ਹੈ। ਇਹਨਾਂ ਦੀ ਰਚਨਾ ਆਮ ਤੌਰ 'ਤੇ ਖਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਮੰਨੀ ਜਾਂਦੀ ਹੈ। ਬਹੁਤੇ ਰਹਿਤ-ਨਾਮਿਆਂ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਸਮੇਂ ਸਮੇਂ ਜੋ ਉਪਦੇਸ਼ ਦਿੱਤੇ ਉਹਨਾਂ ਦੇ ਆਧਾਰ 'ਤੇ ਹਜ਼ੂਰੀ ਸਿੱਖਾਂ ਨੇ ਰਹਿਤਨਾਮਿਆਂ ਦੀ ਰਚਨਾ ਕੀਤੀ। ਇਹਨਾਂ ਰਹਿਤਨਾਮਿਆਂ ਤੋਂ ਸਿੱਖਾਂ ਨੂੰ ਕੁਝ ਕੰਮ ਕਰਨ ਅਤੇ ਕੁਝ ਨਾ ਕਰਨ ਦਾ ਉਪਦੇਸ਼ ਮਿਲਦਾ ਹੈ। ਗੁਰਸਿੱਖ ਦੀ ਪਛਾਣ ਆਮ ਤੌਰ 'ਤੇ ਇਹਨਾਂ ਰਹਿਤਨਾਮਿਆਂ ਦੀ ਕਸਵੱਟੀ ਅਨੁਸਾਰ ਹੀ ਕੀਤੀ ਜਾਂਦੀ ਹੈ। ਸਮਾਂ ਬੀਤਣ ਨਾਲ ਇਹਨਾਂ ਰਹਿਤਨਾਮਿਆਂ ਦੀਆਂ ਕੁਝ ਗੱਲਾਂ ਓਪਰੀਆਂ ਜਾਪਣ ਲੱਗ ਪਈਆਂ ਹਨ। ਪਰ ਇਹ ਰਹਿਤਨਾਮੇਂ ਅਜੇ ਵੀ ਸਾਡੇ ਜੀਵਨ ਤੇ ਇਤਨੇ ਪ੍ਰਭਾਵਸ਼ਾਲੀ ਹਨ ਕਿ ਕਈ ਵਾਰ ਅਸੀਂ ਗੁਰਬਾਣੀ ਦੇ ਸਿਧਾਂਤਾਂ ਤੋਂ ਵੀ ਪਹਿਲਾਂ ਇਹਨਾਂ ਵੱਲ ਧਿਆਨ ਦਿੰਦੇ ਹਾਂ। ਚਾਹੀਦਾ ਤਾਂ ਇਹ ਹੈ ਇਹਨਾਂ ਰਹਿਤਨਾਮਿਆਂ ਦੇ ਸਿਧਾਂਤਾਂ ਦਾ ਵਿਸ਼ਲੇਸ਼ਣ ਗੁਰਬਾਣੀ ਅਨੁਸਾਰ ਕੀਤਾ ਜਾਵੇ ਪਰ ਅਸੀਂ ਆਮ ਤੌਰ ਤੇ ਗੁਰਬਾਣੀ ਦੇ ਸਿਧਾਂਤਾਂ ਦੀ ਵਿਆਖਿਆ ਇਹਨਾਂ ਰਹਿਤਨਾਮਿਆਂ ਦੇ ਆਧਾਰ ਤੇ ਕਰਨ ਲੱਗ ਪੈਂਦੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ ਵਿੱਚ ਸਿੱਖ ਲਈ ਬੜੇ ਸਪਸ਼ਟ ਨਿਰਦੇਸ਼ ਦਿੱਤੇ ਹਨ। ਖਾਸ ਕਰਕੇ ਰਾਮਕਲੀ ਰਾਗ ਵਿੱਚ ਰਚਿਆ "ਰੇ ਮਨ ਐਸੋ ਕਰ ਸੰਨਿਆਸਾ" ਵਾਲਾ ਸ਼ਬਦ ਤਾਂ ਆਪਣੇ ਆਪ ਵਿਚ ਇਕ ਰਹਿਤਨਾਮਾ ਹੀ ਹੈ। ਇਸ ਪਰਿਪੇਖ ਤੋਂ ਇਸ ਸ਼ਬਦ ਦੇ ਅਰਥ ਵਿਸਥਾਰ ਨਾਲ ਵਿਚਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ:

*ਰੇ ਮਨ ਐਸੋ ਕਰ ਸੰਨਿਆਸਾ॥*
*ਬਨ ਸੇ ਸਦਨ ਸਬੈ ਕਰ ਸਮਝਹੁ*
*ਮਨ ਹੀ ਮਾਹਿ ਉਦਾਸਾ॥੧॥ ਰਹਾਉ॥*
*ਜਤ ਕੀ ਜਟਾ ਜੋਗ ਕੋ ਮਜਨੁ*
*ਨੇਮ ਕੇ ਨਖਨ ਬਢਾਓ॥*
*ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥*
*ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥*
*ਸੀਲ ਸੰਤੋਖ ਸਦਾ ਨਿਰਬਾਹਿਬੋ*
*ਹ੍ਵੈਬੋ ਤ੍ਰਿਗੁਣ ਅਤੀਤਿ॥*
*ਕਾਮ ਕ੍ਰੋਧ ਹੰਕਾਰ ਲੋਭ ਹਠ*
*ਮੋਹ ਨ ਮਨ ਸਿਉ ਲਯਾਵੈ॥*
*ਤਬ ਹੀ ਆਤਮ ਤਤ ਕੋ ਦਰਸੇ*
*ਪਰਮ ਪੁਰਖ ਕਹ ਪਾਵੈ॥*

(ਸ਼ਬਦ ਰਾਗਾਂ ਦੇ)

ਰਾਗ ਰਾਮਕਲੀ ਜੋਗੀਆਂ ਦਾ ਮਨ ਭਾਉਂਦਾ, ਰਾਗ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਿੱਧ-ਗੋਸਟਿ ਵੀ ਰਾਗ ਰਾਮਕਲੀ ਵਿੱਚ ਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨਿਆਸ ਬਾਰੇ ਸ਼ਬਦ ਦਾ ਉਚਾਰਨ ਰਾਮਕਲੀ ਵਿੱਚ ਉਚਿਤ ਸਮਝਿਆ ਹੈ। ਗੁਰੂ ਸਾਹਿਬ ਰਾਗ ਅਤੇ ਕਾਵਿ ਦੇ ਸਬੰਧ ਤੋਂ ਸੁਚੇਤ ਸਨ ਇਸ ਗੱਲ ਦਾ ਪਰਮਾਣ ਇਸ ਰਾਗ ਵਿੱਚ ਰਚੇ ਇੱਕ ਹੋਰ ਸ਼ਬਦ ਤੋਂ ਵੀ ਮਿਲ ਜਾਂਦਾ ਹੈ। ਉਸ ਸ਼ਬਦ ਦੀ ਪਹਿਲੀ ਤੁਕ ਹੈ-

*'ਰੇ ਮਨ ਇਹ ਬਿਧਿ ਜੋਗ ਕਮਾਓ॥'*

ਵਿਚਾਰ ਅਧੀਨ ਸ਼ਬਦ ਦੀਆਂ ਰਹਾਉ ਦੀਆਂ ਤੁਕਾਂ ਹਨ:

*ਰੇ ਮਨ ਐਸੋ ਕਰ ਸੰਨਿਆਸਾ॥*
*ਬਨ ਸੇ ਸਦਨ ਸਬੈ ਕਰ*
*ਸਮਝਹੁ ਮਨ ਹੀ ਮਾਹਿ ਉਦਾਸਾ॥*

ਇਹ ਸਾਰਾ ਸ਼ਬਦ ਮਨ ਨੂੰ ਸੰਬੋਧਿਤ ਕੀਤਾ ਗਿਆ ਹੈ। ਕਾਵਿ ਸੰਸਾਰ ਵਿਚ ਇਹ ਵਿਧੀ ਆਮ ਪ੍ਰਚਲਤ ਰਹੀ ਹੈ। ਗੁਰੂ ਗ੍ਰੰਥ ਸਾਹਿਬ ਦੀ

ਬਾਣੀ ਵਿੱਚ ਵੀ 'ਮਨ ਰੇ' 'ਮਨ ਮੇਰੇ', 'ਮੇਰੇ ਮਨ' ਆਦਿ ਸੰਬੋਧਨ ਪ੍ਰਯੋਗ ਕੀਤੇ ਗਏ ਹਨ। ਜੇ ਕਿਸੇ ਨੂੰ ਸਿੱਧਾ ਹੀ ਕੁਝ ਕਰਨ ਲਈ ਕਿਹਾ ਜਾਵੇ ਤਾਂ ਉਹ ਉਪਦੇਸ਼ ਪ੍ਰਤੀ ਚੰਗਾ ਪ੍ਰਭਾਵ ਨਹੀਂ ਰੱਖਦਾ ਸਗੋਂ ਸਮਝਦਾ ਹੈ ਕਿ ਉਪਦੇਸ਼ਕ ਆਪਣੇ ਆਪ ਨੂੰ ਉੱਚਾ ਸਮਝਦਾ ਹੈ ਅਤੇ ਮੈਨੂੰ ਨੀਵਾਂ। ਇਹ ਭਾਵ ਕਈ ਵਾਰੀ ਉਪੇਦਸ਼ ਗ੍ਰਹਿਣ ਕਰਨ ਵਿਚ ਰੁਕਾਵਟ ਬਣ ਸਕਦਾ ਹੈ। ਇਸ ਲਈ ਗੁਰੂ ਸਾਹਿਬ ਆਪਣੇ ਆਪ ਨੂੰ ਉਪਦੇਸ਼ ਦਿੰਦੇ ਹਨ। ਵਿੱਦਿਆ ਪ੍ਰਣਾਲੀਆਂ ਵਿੱਚ ਅੱਜ ਕੱਲ ਉਪਦੇਸ਼ਾਤਮਕ ਵਿਧੀ ਨੂੰ ਠੀਕ ਨਹੀਂ ਸਮਝਿਆ ਜਾਂਦਾ। ਜਿਹੜਾ ਅਧਿਆਪਕ ਸਬੰਧਤ ਸਿਖਿਆ ਲੈਣ-ਦੈਣ ਵਿਚ ਆਪ ਸ਼ਾਮਲ ਹੋ ਕੇ ਨਾਲ ਵਿਦਿਆਰਥੀਆਂ ਨੂੰ ਸ਼ਾਮਲ ਕਰਦਾ ਹੈ ਉਸਨੂੰ ਚੰਗੇਰਾ ਅਧਿਆਪਕ ਗਿਣਿਆ ਜਾਂਦਾ ਹੈ। ਇਸ ਪੱਖ ਤੋਂ ਗੁਰੂ ਗੋਬਿੰਦ ਸਿੰਘ ਜੀ ਇਕ ਚੰਗੇਰੀ ਵਿਧੀ ਅਨੁਸਾਰ ਸਿੱਖਿਆ ਦੇਣ ਦਾ ਜਤਨ ਕਰ ਰਹੇ ਹਨ।

ਪਹਿਲੀ ਤੁਕ ਵਿਚ ਗੁਰੂ ਜੀ ਇਕ ਖਾਸ ਤਰ੍ਹਾਂ ਦਾ ਸੰਨਿਆਸ ਧਾਰਨ ਕਰਨ ਲਈ ਕਹਿ ਰਹੇ ਹਨ। ਸੰਨਿਆਸਾ ਸ਼ਬਦ ਨਾਲ 'ਐਸੋ' ਸ਼ਬਦ ਲੱਗਾ ਹੋਇਆ 'ਰੇ ਮਨ ਐਸੋ ਕਰ ਸੰਨਿਆਸਾ' ਜੋ ਉਸ ਨੂੰ ਆਮ ਸੰਨਿਆਸ ਨਾਲੋਂ ਵੱਖਰਾ ਕਰਦਾ ਹੈ। ਭਾਰਤੀ ਅਚਾਰੀਆਂ ਨੇ ਮਨੁੱਖ ਦੀ ਉਮਰ ਨੂੰ ਸੌ ਸਾਲ ਮੰਨ ਕੇ ਉਸ ਦੇ ਚਾਰ ਭਾਗ ਕੀਤੇ ਹਨ। ਪਹਿਲਾਂ ਬ੍ਰਹਮਚਰਜ, ਦੂਜਾ ਗ੍ਰਹਿਸਥ, ਤੀਜਾ ਬਾਨਪ੍ਰਸਤ, ਚੌਥਾ ਸੰਨਿਆਸ। ਆਦਰਸ਼ਕ ਸਮਾਜ ਲਈ ਇਹ ਵੰਡ ਚੰਗੀ ਸੀ। ਪਰ ਇਹ ਇਸੇ ਤਰ੍ਹਾਂ ਕਾਇਮ ਨਹੀਂ ਰਹੀ। ਕੁਝ ਲੋਕ ਤਾਂ ਪਹਿਲੀ ਉਮਰੇ ਹੀ ਸਮਾਜ ਦੇ ਝਮੇਲਿਆਂ ਤੋਂ ਇੰਨੇ ਤੰਗ ਆ ਜਾਂਦੇ ਸਨ ਕਿ ਸੰਨਿਆਸੀ ਬਣ ਜਾਂਦੇ ਹਨ। ਕੁਝ ਲੋਕ ਬੁੱਢੇ ਵਾਰੇ ਵੀ ਗ੍ਰਹਿਸਥ ਦੇ ਚੱਕਰਾਂ ਵਿਚ ਫਸੇ ਰਹਿੰਦੇ ਸਨ। ਗੁਰੂ ਸਾਹਿਬ ਇਸ ਸੰਨਿਆਸ ਨੂੰ ਨਕਾਰਦੇ ਹੋਏ ਆਪਣੇ ਖਾਸ ਸੰਨਿਆਸ ਦੀ ਗੱਲ ਕਰਦੇ ਹਨ। ਪਹਿਲੇ ਸੰਨਿਆਸੀ ਘਰ ਨੂੰ ਛੱਡ ਕੇ ਜੰਗਲਾਂ ਵਿੱਚ ਜਾਂਦੇ ਸਨ ਅਤੇ ਸੰਸਾਰ ਵਲੋਂ ਉਦਾਸੀਨ ਬਿਰਤੀ ਧਾਰਨ ਕਰਦੇ ਸਨ ਪਰ ਗੁਰੂ ਸਾਹਿਬ ਕਹਿੰਦੇ ਹਨ:

*ਬਨ ਸੇ ਸਦਨ ਸਭੈ ਕਰ ਸਮਝਹੁ*
*ਮਨ ਹੀ ਮਾਹਿ ਉਦਾਸਾ॥*

ਭਾਵ ਆਪਣੇ ਮਨ ਵਿਚ ਇਸ ਸੰਸਾਰ ਤੋਂ ਉਦਾਸੀ ਜਾਂ ਵਿਰਕਤਤਾ ਧਾਰਨ ਕਰਕੇ ਸਦਨ ਭਾਵ ਘਰ ਨੂੰ ਹੀ ਜੰਗਲ ਸਮਝ ਲੈਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਨੂੰ ਜਦੋਂ ਸਿੱਧਾਂ ਨੇ ਪੁੱਛਿਆ ਕਿ ਮੁਕਤੀ ਕਿਵੇਂ ਮਿਲ ਸਕਦੀ ਹੈ ਤਾਂ ਉਹਨਾਂ ਉੱਤਰ ਦਿੱਤਾ ਸੀ:

*ਜੈਸੇ ਜਲ ਮਹਿ ਕਮਲੁ*
*ਨਿਰਾਲਮੁ ਮੁਰਗਾਈ ਨੈਸਾਣੇ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੈ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੯੩੮)

ਗੁਰੂ ਸਾਹਿਬਾਨ ਉਚੇਰੀ ਅਵਸਥਾ ਪਰਾਪਤ ਕਰਨ ਲਈ ਜੰਗਲ ਜਾਣ ਦੀ ਲੋੜ ਨਹੀਂ ਸਮਝਦੇ। ਉਹ ਤਾਂ ਇਸ ਸੰਸਾਰ (ਸਮਾਜ) ਨੂੰ ਹੀ ਪਰਮਾਤਮਾ ਦਾ ਰੂਪ ਮੰਨਦੇ ਹਨ ਅਤੇ ਇਸ ਦੀ ਸੇਵਾ ਕਰਨ ਨੂੰ ਹੀ ਉਹ ਪਰਮਾਤਮਾ ਦੀ ਭਗਤੀ ਗਿਣਦੇ ਹਨ:

*ਫਰੀਦਾ ਖਾਲਕੁ ਖਲਕ ਮਹਿ*
*ਖਲਕ ਵਸੈ ਰਬ ਮਾਹਿ॥*
*ਮੰਦਾ ਕਿਸਨੋ ਆਖੀਐ ਜਾ*
*ਤਿਸੁ ਬਿਨੁ ਕੋਈ ਨਾਹਿ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੨੩੮੧)

ਪਰ ਅਜੇਹਾ ਕਰਨ ਲਈ ਆਪਣੇ ਨਿਜ ਦਾ ਮੋਹ, ਹਉਮੈ, ਸਵਾਰਥ ਆਦਿ ਭਾਵਾਂ ਦਾ ਤਿਆਗ ਕਰਨਾ ਪੈਂਦਾ ਹੈ। ਇਹੀ ਗੁਰੂ ਸਾਹਿਬਾਨ ਦੀ ਉਦਾਸੀ ਭਾਵ ਹੈ। ਜੇ ਇਹ ਭਾਵ ਮੰਨ ਵਿਚ ਆ ਜਾਵੇ ਤਾਂ ਘਰ ਹੀ ਜੰਗਲ ਬਣ ਸਕਦਾ ਹੈ। ਸੰਸਾਰਕ ਵਸਤਾਂ ਨਾ ਚੰਗੀਆਂ ਹਨ ਨਾ ਮਾੜੀਆਂ। ਉਹਨਾਂ ਨਾਲ ਤੁਹਾਡਾ ਰਿਸ਼ਤਾ ਉਹਨਾਂ ਨੂੰ ਚੰਗਾ ਜਾਂ ਮਾੜਾ ਬਣਾਉਂਦਾ ਹੈ। ਜੇ ਤੁਸੀਂ ਉਹਨਾਂ ਉਤੇ ਆਪਣੀ ਮਾਲਕੀ ਮੰਨ ਕੇ ਉਹਨਾਂ ਦੀ ਰਾਖੀ ਲਈ ਹੀ ਆਪਣੀ ਉਮਰ ਗੁਆ ਦਿੰਦੇ ਹੋ ਤਾਂ ਇਹ ਵਸਤਾਂ ਮਾੜੀਆਂ ਹਨ ਪਰ ਜੇ ਤੁਸੀਂ ਉਹਨਾਂ ਦਾ ਪ੍ਰਯੋਗ ਸਮਾਜ ਸੇਵਾ ਲਈ ਕਰਦੇ ਹੋ ਤਾਂ ਇਹੀ ਵਸਤਾਂ ਚੰਗੀਆਂ ਬਣ

ਜਾਂਦੀਆਂ ਹਨ। ਇਹੀ ਹਾਲ ਘਰ ਦਾ ਹੈ। ਘਰ ਮਨੁੱਖ ਦੇ ਵਿਕਾਸ ਲਈ ਬਣਿਆ ਹੈ ਪਰ ਜੇ ਮਨੁੱਖ ਕੇਵਲ ਆਪਣੇ ਘਰ ਵਿੱਚ ਹੀ ਖਚਤ ਹੋਕੇ ਰਹਿ ਜਾਵੇ ਤਾਂ ਘਰ ਮਾੜਾ ਬਣ ਜਾਂਦਾ ਹੈ ਪਰ ਜੇ ਇਹੋ ਘਰ ਸਮਾਜ ਸੇਵਾ ਦਾ ਕੇਂਦਰ ਬਣ ਜਾਵੇ ਤਾਂ ਇਹ ਚੰਗਾ ਬਣ ਜਾਂਦਾ ਹੈ। ਗੁਰੂ ਸਾਹਿਬ ਘਰ ਨੂੰ ਜੰਗਲ ਸਮਝਣ ਦੀ ਹਦਾਇਤ ਕਰਦੇ ਹਨ।

*ਜਤ ਕੀ ਜਟਾ ਜੋਗ ਕੋ ਮਜਨ*
*ਨੇਮ ਕੇ ਨਖਨ ਬਢਾਓ॥*

ਸੰਨਿਆਸੀ ਲੋਕ ਜਟਾਵਾਂ ਧਾਰਨ ਕਰਦੇ ਸਨ। ਸਾਡੇ ਸਮਾਜ ਵਿੱਚ ਕੇਸਾਂ ਨੂੰ ਸੁਆਰਨਾ ਸਭਿਅਤਾ ਜਾਂ ਗ੍ਰਿਹਸਥ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਸੰਨਿਆਸੀ ਲੋਕ ਕੰਘਾ ਕਰਨ ਛੱਡ ਭਾਵ ਗ੍ਰਿਹਸਥ ਤਿਆਗ ਕੇ ਕੇਸਾਂ ਦੀਆਂ ਜਟਾਵਾਂ ਬਣਾ ਲੈਂਦੇ ਹਨ। ਪਰ ਗੁਰੂ ਸਾਹਿਬ ਉਸ ਸੰਨਿਆਸੀ ਨੂੰ ਜਿਹੜਾ ਆਪਣੇ ਮਨ ਵਿਚ ਉਦਾਸ ਧਾਰਨ ਕਰਦਾ ਹੈ ਅਤੇ ਘਰ ਨੂੰ ਹੀ ਜੰਗਲ ਸਮਝਦਾ ਹੈ, ਜਤ ਦੀਆਂ ਜਟਾਵਾਂ ਧਾਰਨ ਕਰਨ ਲਈ ਕਹਿੰਦੇ ਹਨ ਇਥੇ 'ਜਤ' ਜੋਗੀਆਂ ਵਾਲਾ ਜਤ ਨਹੀਂ, ਕਿ ਆਪਣੀਆਂ ਇਛਾਵਾਂ ਨੂੰ ਬਿਲਕੁਲ ਖਤਮ ਹੀ ਕਰ ਲਓ। ਇਥੇ ਜਤ ਦਾ ਅਰਥ ਆਪਣੀਆਂ ਇਛਾਵਾਂ ਨੂੰ ਕਾਬੂ ਕਰਨ ਤੋਂ ਹੈ। ਇਸੇ ਕਰਕੇ ਗੁਰਮਤਿ ਵਿੱਚ 'ਏਕਾ ਨਾਰੀ ਜਤੀ ਸੋਇ' ਦਾ ਸੰਕਲਪ ਦਿੱਤਾ ਗਿਆ ਹੈ। ਗੁਰਬਾਣੀ ਵਿੱਚ ਲਿਖਿਆ ਹੈ:

*ਜਤਨ ਕਰੈ ਬਿੰਦੁ ਕਿਵੈ ਨ ਰਹਾਈ।*
*ਮਨੂਆ ਡੋਲੈ ਨਰਕੇ ਪਾਈ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੯੦੬)

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਹਨਾਂ ਤੁਕਾਂ ਦਾ ਭਾਵ ਇਹ ਹੈ ਕਿ ਕਿਤਨੇ ਹੀ ਜਤਨ ਕਰੋ ਵੀਰਯ ਰੁਕ ਨਹੀਂ ਸਕਦਾ। ਇਸ ਕਰਕੇ ਹਠ ਨਾਲ ਬਿੰਦੂ ਰੋਕਣ ਵਾਲੇ ਨੂੰ ਜਤੀ ਕਹਿਣਾ ਉਚਿਤ ਨਹੀਂ। ਜੋ ਗ੍ਰਿਹਸਥੀ ਹੋ ਕੇ ਪਰ ਇਸਤਰੀ ਵੱਲ ਮੰਦੀ ਨਜ਼ਰ ਕਰਦਾ ਹੈ ਉਹ ਤਾਂ ਜਤੀ ਦੀ ਪੱਦਵੀ ਤੋਂ ਮੁੱਢੋਂ ਹੀ ਦੂਰ ਹੈ। ਕਿਉਂਕਿ ਉਸ ਨੇ ਗ੍ਰਿਹਸਥ ਆਸ਼ਰਮ ਦੀ ਰਹਿਣੀ ਗੁਰ ਸ਼ਬਦ ਦੁਆਰਾ ਨਹੀਂ ਜਾਣੀ। ਗੁਰਮੁਖ ਮਹਾਂਪੁਰਖਾਂ ਨੇ ਜਤ ਦਾ ਤੱਤ ਵਿਚਾਰਿਆ ਹੈ ਅਰਥਾਤ ਨਾ ਉਹ ਹਠ ਕਰਕੇ ਵੀਰਯ ਰੋਕ ਕੇ ਗ੍ਰਿਹਸਥ ਦੇ ਤਿਆਗੀ ਹਨ ਅਤੇ ਨਾ ਵਿਸ਼ਯ ਲੰਪਟ ਹੋ ਕੇ ਇਸਤੀਵ੍ਰਤ ਤੋਂ ਪਤਿਤ ਹੁੰਦੇ ਹਨ।

(ਗੁਰਮਤਿ ਸੁਧਾਕਰ, ਪੰਨਾ 386)

ਭਾਈ ਗੁਰਦਾਸ ਜੀ ਜਤੀ ਸ਼ਬਦ ਦਾ ਅਰਥ - ਵਿਸਥਾਰ ਕਰਦਿਆਂ ਕਹਿੰਦੇ ਹਨ ਕਿ ਜਿਸ ਨੇ ਆਪਣੀ ਜਉਮੈ ਨੂੰ ਮਾਰ ਲਿਆ ਹੈ ਉਹ ਜਤੀ ਹੈ:

*ਗੁਰਮੁਖ ਜਤੀ ਸਲਾਹੀਅਨ ਜਿਨ ਹਉਮੈ ਮਾਰੀ।*

(ਵਾਰ ੩੮, ਪਉੜੀ ੭)

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਵਿਸ਼ੇਸ਼ ਸੰਨਿਆਸ ਲਈ ਵਿਸ਼ੇਸ਼ ਤਰ੍ਹਾਂ ਦੇ ਜਤ ਦੀਆਂ ਜਟਾਵਾਂ ਧਾਰਨ ਕਰਨ ਲਈ ਉਪਦੇਸ਼ ਦਿੰਦੇ ਹਨ। ਇਸੇ ਤੁਕ ਵਿਚ ਦੂਸਰਾ ਲੱਛਣ ਦੱਸਿਆ ਹੈ- ਜੋਗ ਕੋ ਮਜਨ-ਮਜਨ ਦਾ ਅਰਥ ਹੈ ਇਸ਼ਨਾਨ ਕਰਨਾ। ਭਾਰਤ ਵਿੱਚ ਇਸ਼ਨਾਨ ਕਰਨ ਦਾ ਬੜਾ ਮਹਾਤਮ ਦੱਸਿਆ ਗਿਆ ਹੈ। ਜੋਗੀ ਲੋਕ ਜਾਂ ਜਿਹੜੇ ਘਰ-ਬਾਰ ਤਿਆਗ ਦਿੰਦੇ ਹਨ ਉਹਨਾਂ ਨੂੰ ਹੋਰ ਕੋਈ ਕੰਮ ਨਹੀਂ ਸੀ ਹੁੰਦਾ। ਉਹ ਆਪਣੀ ਉਮਰ ਤੀਰਥਾਂ ਤੇ ਇਸ਼ਨਾਨ ਕਰਦਿਆਂ ਹੀ ਲੰਘਾ ਦਿੰਦੇ ਸਨ। ਇਸ ਇਸ਼ਨਾਨ ਦਾ ਮੰਤਵ ਸਰੀਰ ਦੀ ਸਫ਼ਾਈ ਨਹੀਂ ਸੀ ਸਗੋਂ ਕੇਵਲ ਇੱਕ ਤਰ੍ਹਾਂ ਦਾ ਧਾਰਮਕ ਭਰਮ ਸੀ ਕਿ ਇਹਨਾਂ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਮੁਕਤੀ ਮਿਲ ਜਾਂਦੀ ਹੈ। ਪਰ ਗੁਰੂ ਗੋਬਿੰਦ ਸਿੰਘ ਜੋਗ ਰੂਪੀ ਇਸ਼ਨਾਨ ਕਰਨ ਲਈ ਉਪਦੇਸ਼ ਕਰਦੇ ਹਨ। ਜੋਗ ਦਾ ਅਰਥ ਹੈ ਜੋੜਨਾ ਜਾਂ ਜੁੜਨਾ। ਭਾਵ ਪਰਮਾਤਮਾ ਨਾਲ ਜੁੜਨਾ। ਆਪਣੇ ਆਪ ਨੂੰ ਸੰਸਾਰ ਨਾਲੋਂ ਤੋੜ ਕੇ ਪਰਮਾਤਮਾ ਨਾਲ ਜੋੜਨਾ। ਜੋਗੀ ਲੋਕ ਇਸ ਸੰਸਾਰ ਤੋਂ ਆਪਣੇ ਆਪ ਨੂੰ ਵਿਰਕਤ ਕਰਨ ਲਈ ਕਈ ਤਰ੍ਹਾਂ ਦੇ ਆਸਣ ਕਰਦੇ ਸਨ ਪਰ ਗੁਰਮਤਿ ਵਿੱਚ- ਅਜਿਹੇ ਜੋਗ ਨੂੰ ਉਚਿਤ ਲਈ ਸਮਝਿਆ ਗਿਆ:

*ਸਿਧਾਂ ਕੇ ਆਸਣ ਜੇ ਸਿਖੈ*
*ਇੰਦ੍ਰੀ ਵਸਿ ਕਰਿ ਕਮਾਇ॥*
*ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੫੫੮)

ਗੁਰੂ ਨਾਨਕ ਦੇਵ ਜੀ ਘਰ ਹੀ ਵਿੱਚ ਜੋਗੀ

ਹੋਣ ਨੂੰ ਦ੍ਰਿੜ੍ਹ ਕਰਦਿਆਂ ਫੁਰਮਾਉਂਦੇ ਹਨ:

*ਅੰਜਨ ਮਾਹਿ ਨਿਰੰਜਨਿ ਰਹੀਐ*
*ਜੋਗ ਜੁਗਤਿ ਇਵ ਪਾਈਐ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੧੩੦)

ਸੰਨਿਆਸੀ ਲੋਕ ਨਹੁੰ ਨਹੀ ਸੀ ਕੱਟਦੇ ਸ਼ਾਇਦ ਇਸ ਪਿਛੇ ਭਾਵਨਾ ਕਰੂਪ ਦਿਸਣ ਦੀ ਹੀ ਹੋਏ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਸੰਨਿਆਸ ਵਿੱਚ ਨੇਮ ਦੇ ਨਹੁੰ ਵਧਾਉਣ ਲਈ ਕਿਹਾ ਗਿਆ ਹੈ। ਆਪਣੇ ਜੀਵਨ ਨੂੰ ਨਿਯਮਬਧ ਕਰਨਾ ਸਿੱਖ ਸੰਨਿਆਸੀ ਲਈ ਜ਼ਰੂਰੀ ਹੈ। ਸਿੱਖ ਨੇ ਆਪਣੇ ਜੀਵਨ ਨੂੰ ਸਹਿਜ ਅਵਸਥਾ ਵਿਚ ਰੱਖ ਕੇ ਨਿਯਮਬੱਧ ਕਰਨਾ ਹੈ। ਗੁਰਬਾਣੀ ਵਿੱਚ ਸਿੱਖ ਲਈ ਰੋਜ਼ਾਨਾ ਜੀਵਨ ਦੀ ਇੱਕ ਰਹਿਣੀ ਦੱਸੀ ਗਈ ਹੈ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।*

(ਗੁਰੂ ਗ੍ਰੰਥ ਸਾਹਿਬ, ਪੰਨਾ ੩੦੫)

*ਗਿਆਨ ਗੁਰੂ ਆਤਮ ਉਪਦੇਸਹੁ*
*ਨਾਮ ਬਿਭੂਤ ਲਗਾਓ*

ਭਾਰਤੀ ਸੰਸਕ੍ਰਿਤੀ ਵਿੱਚ ਗੁਰੂ ਦੀ ਬੜੀ ਮਹੱਤਾ ਰਹੀ ਹੈ। ਆਮ ਕਹਾਵਤ ਹੈ ਕਿ ਗੁਰੂ ਬਿਨਾਂ ਗਤ ਨਹੀਂ। ਗੁਰਬਾਣੀ ਵਿੱਚ ਵਾਕ ਮਿਲਦਾ ਹੈ 'ਨਿਗੁਰੇ ਕਾ ਹੈ ਨਾਉ ਬੁਰਾ।' ਪਰ ਦੇਹਧਾਰੀ ਗੁਰੂ ਦੇ ਜਿੱਥੇ ਲਾਭ ਸਨ ਉਥੇ ਹਾਨੀਆਂ ਵੀ ਸਨ। ਲਾਭ ਤਾਂ ਇਹ ਸਨ ਕਿ ਦੇਹਧਾਰੀ ਗੁਰੂ ਕੋਲੋਂ ਅਸੀਂ ਆਪਣੀਆਂ ਨਿੱਤ ਦੀਆਂ ਸਮੱਸਿਆਵਾਂ ਬਾਰੇ ਵੀ ਅਗਵਾਈ ਲੈ ਸਕਦੇ ਸਾਂ। ਉਹ ਸਾਨੂੰ ਹਰ ਸਮੇਂ ਚੰਗੇ ਮਾੜੇ ਬਾਰੇ ਦੱਸ ਸਕਦਾ ਸੀ। ਪਰ ਦੇਹਧਾਰੀ ਗੁਰੂ ਕਈ ਵਾਰ ਡੋਲ ਵੀ ਜਾਂਦੇ ਸਨ। ਉਹ ਕਈ ਵਾਰ ਆਪਣੇ ਸਵਾਰਥ ਲਈ ਲੋਕਾਂ ਨੂੰ ਠੀਕ ਰਾਹ ਪਾਉਣ ਦੀ ਬਜਾਇ ਗਲਤ ਰਾਹ ਵੀ ਪਾ ਦਿੰਦੇ ਸਨ। ਇਸੇ ਲਈ ਗੁਰੂ ਸਾਹਿਬਾਨ ਨੇ ਆਪਣਾ ਜੀਵਨ ਭਾਵੇਂ ਇਕ ਆਦਰਸ਼ਕ ਗੁਰੂ ਵਾਲਾ ਬਿਤਾਇਆ ਪਰ ਉਹਨਾਂ ਨੇ ਗੁਰੂ, ਗੁਰਵਾਕ ਭਾਵ ਗੁਰਬਾਣੀ ਨੂੰ ਹੀ ਮੰਨਿਆ:

*ਬਾਣੀ ਗੁਰੂ ਗੁਰੂ ਹੈ ਬਾਣੀ*
*ਵਿਚਿ ਬਾਣੀ ਅੰਮ੍ਰਿਤ ਸਾਰੇ।*
*ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੯੮੨)

ਸੋ ਸਿੱਖ ਸੰਨਿਆਸੀ ਦੇਹਧਾਰੀ ਗੁਰੂ ਧਾਰਨ ਨਹੀਂ ਕਰਦਾ ਸਗੋਂ ਗਿਆਨ ਰੂਪੀ ਗੁਰੂ ਰਾਹੀਂ ਆਪਣੀ ਆਤਮਾ ਨੂੰ ਉਪਦੇਸ਼ ਕਰਦਾ ਹੈ। ਸੰਨਿਆਸੀ ਆਪਣੇ ਸਰੀਰ ਤੇ ਸੁਆਹ ਜਾਂ ਬਿਭੂਤੀ ਵੀ ਮਲਦੇ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਨਾਮ ਬਿਭੂਤੀ ਲਾਉਣ ਲਈ ਕਹਿੰਦੇ ਹਨ। ਗੁਰਬਾਣੀ ਵਿੱਚ 'ਨਾਮ' ਦਾ ਅਰਥ ਪਰਮਾਤਮਾ ਹੈ। ਵੈਸੇ ਵਿਸ਼ੇਸ਼ਣਾਂ ਵਜੋਂ ਉਸ ਦੇ ਅਨੇਕ ਨਾਮ ਹਨ। ਜਦੋਂ ਮਨੁੱਖ ਪਰਮਾਤਮਾ ਦੇ ਗੁਣਾਂ ਰੂਪੀ ਨਾਵਾਂ ਨੂੰ ਵਾਰ-ਵਾਰ ਯਾਦ ਕਰਦਾ ਹੈ ਤਾਂ ਉਸ ਵਿਚ ਵੀ ਉਹ ਗੁਣ ਉਜਾਗਰ ਹੋਣੇ ਸ਼ੁਰੂ ਹੋ ਜਾਂਦੇ ਜਿਹੜੇ ਉਸ ਨੂੰ ਪਰਮਾਤਮਾ ਨਾਲ ਜੋੜਨ ਵਿੱਚ ਸਹਾਈ ਹੁੰਦੇ ਹਨ। ਜਪੁਜੀ ਵਿਚ ਗੁਰੂ ਨਾਨਕ ਜੀ ਦਾ ਫੁਰਮਾਨ ਹੈ:

*ਭਰੀਐ ਮਤਿ ਪਾਪਾ ਕੈ ਸੰਗਿ।*
*ਓਹੁ ਧੋਪੈ ਨਾਵੈ ਕੈ ਰੰਗਿ।*

ਨਾਮ ਦੀ ਬਿਭੂਤੀ ਮਨੁੱਖੀ ਜੀਵਨ ਵਿਚ ਕੀਤੇ ਮਾੜੇ ਕਰਮਾਂ ਦੀ ਮੈਲ ਨੂੰ ਧੋ ਦਿੰਦੀ ਹੈ।

*ਅਲਪ ਅਹਾਰ ਸੁਲਪ ਸੀ ਨਿੰਦ੍ਰਾ*
*ਦਇਆ ਛਿਮਾ ਤਨ ਪ੍ਰੀਤ॥*

ਸੰਨਿਆਸੀ ਲੋਕ ਭੁੱਖ ਨੂੰ ਮਾਰਨ ਲਈ ਕਈ ਕਈ ਦਿਨ ਵਰਤ ਰੱਖਦੇ ਸਨ ਦੂਸਰੇ ਪਾਸੇ ਕਈ ਗ੍ਰਿਹਸਥੀ ਲੋੜ ਨਾਲੋਂ ਵਧੇਰੇ ਖਾਂਦੇ ਸਨ। ਗੁਰੂ ਸਾਹਿਬ ਨੇ ਵਿਚਕਾਰਲਾ ਰਸਤਾ-ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ। ਥੋੜ੍ਹਾ ਖਾਣਾ ਅਤੇ ਥੋੜ੍ਹਾ ਸਾਉਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿੱਚ ਦਸਦੇ ਹਨ:

*ਓਨੀ ਦੁਨੀਆਂ ਤੋੜੇ ਬੰਧਨਾਂ*
*ਅੰਨੁ ਪਾਣੀ ਥੋੜਾ ਖਾਇਆ॥*

(ਗੁਰੂ ਗ੍ਰੰਥ ਸਾਹਿਬ, ਪੰਨਾ ੪੩੭)

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਵੀ ਅਜਿਹੀ ਜੀਵਨ ਜੁਗਤ ਦੇ ਸੰਕੇਤ ਮਿਲਦੇ ਹਨ:

*ਹਉ ਤਿਸ ਘੋਲਿ ਘੁਮਾਇਆ*
*ਥੋੜਾ ਸਵੈ ਥੋੜਾ ਹੀ ਖਾਵੈ॥*

(ਵਾਰ ੧੨, ਪਉੜੀ ੫)

ਅਤੇ

*ਜੋਗ ਜੁਗਤਿ ਗੁਰਸਿਖ ਗੁਰ ਸਮਝਾਇਆ।*
*ਆਸਾ ਵਿਚਿ ਨਿਰਾਸਿ ਨਿਰਾਸੁ ਵਲਾਇਆ॥*
*ਥੋੜਾ ਪਾਣੀ ਅੰਨ ਖਾਇ ਪੀਆਇਆ।*
*ਥੋੜਾ ਬੋਲਣ ਬੋਲਿ ਨ ਝਖਿ ਝਖਾਇਆ॥*
*ਥੋੜੀ ਰਾਤੀ ਨੀਂਦ ਨ ਮੋਹਿ ਫਹਾਇਆ।*

(ਵਾਰ ੨੦, ਪਉੜੀ ੧੫)

*ਪਿਛਲ ਰਾਤੀਂ ਜਾਗਣਾ*
*ਨਾਮ ਦਾਨ ਇਸ਼ਨਾਨ ਦ੍ਰਿੜਾਏ।*
*ਮਿਠਾ ਬੋਲਣ ਨਿਵ ਜਲਣ ਹਥਹੁ*
*ਦੇ ਕੈ ਭਲਾ ਮਨਾਏ।*
*ਥੋੜਾ ਸਵਣਾ ਖਾਵਣਾ ਥੋੜਾ*
*ਬੋਲਣ ਗੁਰਮਤ ਪਾਏ।*

ਭਾਈ ਸੰਤੋਖ ਸਿੰਘ ਜੀ ਗੁਰੂ ਅਮਰਦਾਸ ਜੀ ਦੇ ਉਪਦੇਸ਼ ਨੂੰ ਕਲਮਬਧ ਕਰਦਿਆਂ ਇਸ ਗੱਲ ਨੂੰ ਹੋਰ ਸਪਸ਼ਟ ਕਰਦੇ ਹਨ:

*ਛੁਧਾ ਬਿਨਾ ਨਹਿ ਖੈ ਬੋ ਕਰੇ।*
*ਨੀਂਦ ਬਿਨਾ ਨਹਿ ਸੁਪਤਨ ਪਰੈ।*
*ਛੁਧ ਬਿਨ ਖਾਇ ਰੋਗ ਉਪਜਾਵੈ।*
*ਜੋ ਸੁਪਤੇ ਨਿਜ ਅਵਧਿ ਘਟਾਵੈ।*

(ਗੁਰ ਪ੍ਰਤਾਪ ਸੂਰਜ, ਰਾਗ 1, ਅਧਿਆਇ 64)

ਗੁਰਸਿੱਖ ਰੂਪੀ ਸੰਨਿਆਸ ਆਪਣੇ ਮਨ ਵਿੱਚ ਦਇਆ ਭਾਵ ਲਿਆਵੇ। ਇਸ ਧਰਤੀ ਤੇ ਵਿਚਰਨ ਲੱਗਿਆ, ਸਮਾਜ ਵਿੱਚ ਰਹਿੰਦਿਆਂ ਦਇਆ ਬੜਾ ਅਹਿਮ ਜਜ਼ਬਾ ਹੈ। ਜੇ ਇਹ ਜਜ਼ਬਾ ਨਾ ਹੋਵੇ ਤਾਂ ਸਮਾਜ ਦੇ ਤਹਿਸ ਨਹਿਸ ਹੋ ਜਾਣ ਦਾ ਖਤਰਾ ਬਣ ਜਾਂਦਾ ਹੈ। ਦਇਆ ਦਾ ਭਾਵ ਆਪੇ ਨੂੰ, ਸਵਾਰਥ ਨੂੰ ਗੁਆਉਣ ਉਪਰੰਤ ਹੀ ਪੈਦਾ ਹੁੰਦਾ ਹੈ। ਜਦੋਂ ਮਨੁੱਖ ਸਵਾਰਥ ਛੱਡ ਕੇ ਕਿਸੇ ਦੂਜੇ ਲਈ ਕੰਮ ਕਰਦਾ ਹੈ ਤਾਂ ਉਹ ਕੰਮ ਦਇਆ ਵੱਸ ਹੋ ਕੇ ਕੀਤਾ ਗਿਆ ਸਮਝਿਆ ਜਾਂਦਾ ਹੈ। ਧਾਰਮਕ ਖੇਤਰ ਵਿੱਚ ਦਇਆ ਨੂੰ ਧਰਮ ਦੀ ਮਾਂ ਕਿਹਾ ਜਾਂਦਾ ਹੈ:

*ਧੌਲ ਧਰਮੁ ਦਇਆ ਕਾ ਪੂਤੁ*

(ਗੁਰੂ ਗ੍ਰੰਥ ਸਾਹਿਬ, ਪੰਨਾ ੧੨)

ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿਚ ਵੀ ਦਇਆ ਦੀ ਗੱਲ ਕਰਦੇ ਹਨ:

*ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ।*
*ਦਇਆ ਜਾਣੈ ਜੀਅ ਕੀ*
*ਕਿਛੁ ਪੁੰਨੁ-ਦਾਨੁ ਕਰੇਈ।*

(ਗੁਰੂ ਗ੍ਰੰਥ ਸਾਹਿਬ, ਪੰਨਾ ੪੬੮)

ਭਾਈ ਕਾਹਨ ਸਿੰਘ ਨਾਭਾ ਗੁਰਮਤਿ ਮਾਰਤੰਡ ਦੇ ਪੰਨਾ 118 'ਤੇ ਇਹਨਾਂ ਤੁਕਾਂ ਦੇ ਅਰਥਾਂ ਵਿੱਚ ਦਇਆ ਭਾਵ ਸਪਸ਼ਟ ਕਰਦੇ ਹਨ; ਕਿ "ਜੀਵਾਂ ਉੱਤੇ ਦਇਆ ਕਰਨ ਦੀ ਜੁਗਤ ਜਾਣ ਸੱਪ, ਠੂੰਹੇ, ਸ਼ੇਰ-ਬਘਿਆੜ ਅਤੇ ਹਲਕਾਏ ਕੁੱਤਿਆਂ ਆਦਿ ਉੱਤੇ ਦਇਆ ਕਰਕੇ ਪਾਪ ਦਾ ਭਾਗੀ ਨਾ ਬਣੇ ਅਤੇ ਜੀਵ ਮਾਰਨ ਦੇ ਭੈ ਤੋਂ ਜੁੱਤੀ ਤਿਆਗ ਕੇ ਮੂੰਹ ਤੇ ਪੱਟੀ ਬੰਨ੍ਹ ਬੈਠੇ। ਇਸ ਤਰ੍ਹਾਂ ਹੀ ਆਪਣੇ ਅਧੀਨ ਜੀਵਾਂ ਨੂੰ ਭੁੱਖ, ਤ੍ਰੇਹ ਅਤੇ ਬੇਰਹਿਮਾਂ ਦੇ ਵਰਤਾਊ ਰੂਪ ਕਲੇਸ਼ ਤੋਂ ਬਚਾਉਣ ਦਾ ਸ਼ਕਤੀ ਭਰ ਜਤਨ ਕਰੇ।" ਦਇਆ ਤੋਂ ਬਿਨਾਂ ਧਰਮ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਭਾਈ ਗੁਰਦਾਸ ਜੀ ਜਦੋਂ ਕਲਯੁਗ ਵਿੱਚ ਸਮਾਜ ਦੀ ਹਾਲਤ ਦੱਸਦੇ ਹਨ ਤਾਂ ਉਹ ਇਸ ਨੁਕਤੇ ਵੱਲ ਵਿਸ਼ੇਸ਼ ਸੰਕੇਤ ਦਿੰਦੇ ਹਨ:

*ਚਾਰੇ ਜਾਗੀ ਚਹੁ ਜੁਗੀ ਪੰਚਾਇਣ ਆਪੇ ਹੋਆ।*
*ਆਪੇ ਪਟੀ ਕਲਮਿ ਆਪਿ*
*ਆਪ ਲਿਖਣਿਹਾਰਾ ਹੋਆ।*
*ਬਾਝੁ ਗੁਰੂ ਅੰਧੇਰ ਹੈ ਖਹਿ ਖਹਿ*
*ਮਰਦੇ ਬਹੁ ਬਿਧਿ ਲੋਆ।*
*ਵਰਤਿਆ ਪਾਪੁ ਜਗਤ੍ਰ ਤੇ ਧਉਲ*
*ਉਡੀਣਾ ਨਿਸਦਿਨਿ ਹੋਆ।*
*ਬਾਝ ਦਇਆ ਬਲਹੀਣ ਹੋਇ*
*ਨਿਘਰ ਜਲੇ ਰਸਾਤਲਿ ਟੋਆ।*

ਗੁਰੂ ਗੋਬਿੰਦ ਸਿੰਘ ਜੀ ਨੇ ਇੰਨੇ ਜੰਗ ਯੁੱਧ ਕੀਤੇ ਪਰ ਉਹਨਾਂ ਨੇ ਦਇਆ ਭਾਵ ਨੂੰ ਅੱਖੋਂ ਓਹਲੇ ਨਹੀਂ ਕੀਤਾ। ਕਹਿੰਦੇ ਹਨ ਕਿ ਉਹਨਾਂ ਦੇ ਤੀਰਾਂ ਨੂੰ ਸਵਾ ਤੋਲਾ ਸੋਨਾ ਲੱਗਾ ਹੁੰਦਾ ਸੀ। ਉਹਨਾਂ ਦੇ ਤੀਰ ਨਾਲ ਜੋ ਕਿਸੇ ਦਾ ਦੇਹਾਂਤ ਹੋ ਜਾਵੇ ਤਾਂ ਉਸ ਸੋਨੇ ਨਾਲ ਉਸ ਦਾ ਕਿਰਿਆ ਕਰਮ ਅਤੇ ਉਹ ਸੋਨਾ ਉਸ ਦੇ ਬਾਲ-ਬੱਚੇ ਦੇ ਕੰਮ ਵੀ ਆ ਸਕਦਾ ਸੀ। ਜੇ ਤੀਰ ਨਾਲ ਕੋਈ ਫੱਟੜ ਹੋ ਜਾਵੇ ਤਾਂ ਉਸਦਾ ਈਲਾਜ ਵੀ ਉਸ ਸੋਨੇ ਨਾਲ ਹੋ ਸਕਦਾ ਸੀ। ਦਇਆ ਦੇ ਨਾਲ

ਹੀ ਖਿਮਾ ਦਾ ਗੁਣ ਵੀ ਅਜਿਹੇ ਸੰਨਿਆਸੀ ਲਈ ਜ਼ਰੂਰੀ ਹੈ। ਸਮਾਜ ਵਿਚ ਆਮ ਤੌਰ 'ਤੇ ਬਦਲੇ ਦੀ ਭਾਵਨਾ ਅਧੀਨ ਬਹੁਤ ਸਾਰੇ ਕੰਮ ਹੁੰਦੇ ਹਨ। ਲੋਕ ਪੀੜ੍ਹੀਆਂ ਤੱਕ ਇਕ ਦੂਜੇ ਦੇ ਦੁਸ਼ਮਣ ਬਣੇ ਰਹਿੰਦੇ ਹਨ। ਗੁਰੂ ਸਾਹਿਬ ਦਸਦੇ ਹਨ ਕਿ ਦਇਆ ਅਤੇ ਖਿਮਾ ਨੂੰ ਪ੍ਰੀਤ ਕਰਕੇ ਭਾਵ ਇਹਨਾਂ ਗੁਣਾਂ ਨੂੰ ਧਾਰਨ ਕਰਕੇ ਸਿੱਖ ਖਾਸ ਤਰ੍ਹਾਂ ਦਾ ਸੰਨਿਆਸੀ ਬਣੇ।

*ਸੀਲ ਸੰਤੋਖ ਸਦਾ ਨਿਰਬਾਹਿਬੋ*
*ਹ੍ਵੈਬੋ ਤ੍ਰਿਗੁਣ ਅਤੀਤ॥*

ਸੀਲ ਸ਼ਬਦ ਦੇ ਕਈ ਅਰਥ ਹਨ- ਮਨਨ ਕਰਨਾ, ਮਨ ਟਿਕਾਉਣਾ, ਅਭਿਆਸ ਕਰਨਾ, ਇਸ ਦਾ ਅਰਥ ਸੱਭਿਅ, ਸ਼ਿਸ਼ਟਾਚਾਰ ਆਦਿ ਵੀ ਕੀਤਾ ਜਾਂਦਾ ਹੈ। ਗੁਰੂ ਸਾਹਿਬ ਇਹ ਗੁਣ ਵੀ ਧਾਰਨ ਕਰਨ ਦਾ ਉਪਦੇਸ਼ ਕਰਦੇ ਹਨ। ਸੰਤੋਖ ਨੂੰ ਨਿਭਾਉਣ ਲਈ ਵੀ ਹੁਕਮ ਹੈ। ਸੰਤੋਖ ਇੱਕ ਧਾਗੇ ਵਾਂਗ ਹੈ ਜਿਸ ਵਿਚ ਸਮਾਜ ਦੀ ਮਾਲਾ ਪਰੋਈ ਹੋਈ ਹੈ। ਜਪੁਜੀ ਦੀਆਂ ਤੁਕਾਂ ਫਿਰ ਪੜ੍ਹ-ਵਾਚੀਏ:

*ਧੌਲੁ ਧਰਮੁ ਦਇਆ ਕਾ ਪੂਤੁ।*
*ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।*

(ਗੁਰੂ ਗ੍ਰੰਥ ਸਾਹਿਬ, ਪੰਨਾ ੩)

ਇਸ ਸਬੰਧ ਵਿੱਚ ਗੁਰਬਾਣੀ ਵਿਚ ਹੋਰ ਵੀ ਅਨੇਕ ਤੁਕਾਂ ਵੀ ਵਿਚਾਰਨਯੋਗ ਹਨ:

*ਸਹਸ ਖਟੇ ਲਖ ਕਉ ਉਠਿ ਧਾਵੈ।*
*ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ।*
*ਅਨਿਕ ਭੋਗ ਬਿਖਿਆ ਕੇ ਕਰੈ।*
*ਨਹ ਤ੍ਰਿਪਤਾਵੈ ਖਪਿ ਖਪਿ ਮਰੈ।*
*ਬਿਨਾ ਸੰਤੋਖ ਨਹੀ ਕੋਊ ਰਾਜੈ।*
*ਸੁਪਨ ਮਨੋਰਥ ਬ੍ਰਿਥੇ ਸਭ ਕਾਜੈ।*

(ਗੁਰੂ ਗ੍ਰੰਥ ਸਾਹਿਬ, ਪੰਨਾ ੨੭੯)

- *ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ।*

(ਗੁਰੂ ਗ੍ਰੰਥ ਸਾਹਿਬ, ਪੰਨਾ ੫੧)

- *ਸੰਤ ਸੰਤੋਖਿ ਰਹਹੁ ਜਨ ਭਾਈ।*
*ਖਿਮਾ ਗਹਹੁ ਸਤਗੁਰ ਸਰਣਾਈ।*

(ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੦)

- *ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ।*

(ਗੁਰੂ ਗ੍ਰੰਥ ਸਾਹਿਬ, ਪੰਨਾ ੬੨੨)

- *ਸਤ ਸੰਤੋਖਿ ਸਦਾ ਸਚੁ ਪਲੈ*
*ਸਚੁ ਬੋਲੈ ਪਿਰ ਪਾਏ।*

(ਗੁਰੂ ਗ੍ਰੰਥ ਸਾਹਿਬ, ਪੰਨਾ ੭੬੪)

ਜਿਸ ਕਾਰਜ ਵਿੱਚ ਸਤ, ਸੰਤੋਖ, ਦਇਆ ਅਤੇ ਧਰਮ ਹੋਵੇ ਉਸ ਨੂੰ ਉੱਤਮ ਦੱਸਿਆ ਗਿਆ ਹੈ ਅਤੇ ਇਸ ਗੱਲ ਨੂੰ ਕੇਵਲ ਉਹੀ ਜਾਣਦੇ ਹਨ ਜਿਹੜੇ ਗੁਰੂ ਭਾਵ ਗੁਰਬਾਣੀ ਵੱਲ ਮੂੰਹ ਕਰੀ ਬੈਠੇ ਹਨ ਭਾਵ ਉਸ ਨੂੰ ਸੁਣਦੇ, ਪੜ੍ਹਦੇ ਅਤੇ ਵਿਚਾਰਦੇ ਹਨ:

- *ਜਿਤੁ ਕਾਰਜਿ ਸਤੁ ਸੰਤੋਖੁ ਦਇਆ*
*ਧਰਮੁ ਹੈ ਗੁਰਮੁਖਿ ਬੂਝੈ ਕੋਈ।*

(ਗੁਰੂ ਗ੍ਰੰਥ ਸਾਹਿਬ, ਪੰਨਾ ੩੫੧)

- *ਸੰਤੋਖੁ ਆਇਆ ਮਨੁ ਪੂਰਾ ਪਾਇ।*
*ਫਿਰਿ ਫਿਰਿ ਮਾਗਨ ਕਾਹੇ ਜਾਇ।*

(ਗੁਰੂ ਗ੍ਰੰਥ ਸਾਹਿਬ, ਪੰਨਾ ੬੯੧)

ਸੰਤੋਖ ਕਾਰਨ ਹੀ ਬੰਦਾ ਆਪਣੇ ਸਵਾਰਥ ਤੋਂ ਮੁਕਤ ਹੋ ਸਕਦਾ ਹੈ।

ਤ੍ਰਿਗੁਣ ਸ਼ਬਦ ਮਾਇਆ ਵਾਸਤੇ ਪ੍ਰਯੋਗ ਕੀਤਾ ਜਾਂਦਾ ਹੈ। ਇਥੇ ਉਪਦੇਸ਼ ਹੈ ਕਿ ਮਾਇਆ ਤੋਂ ਰਹਿਤ ਹੋਵੇ:

*ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ*
*ਤਜਿ ਮਾਇਆ ਅਹੰਕਾਰੁ ਚੁਕਾਵੈ।*
*ਤਜਿ ਕਾਮੁ ਕਾਮਨੀ ਮੋਹੁ ਤਜੈ*
*ਤਾ ਅੰਜਨ ਮਾਹਿ ਨਿਰੰਜਨੁ ਪਾਵੈ।*

(ਗੁਰੂ ਗ੍ਰੰਥ ਸਾਹਿਬ, ਪੰਨਾ ੧੪੧)

*ਕਾਮ ਕਰੋਧ ਹੰਕਾਰ ਲੋਭ ਹਠ*
*ਮੋਹ ਨਾ ਸਿਉ ਲਿਆਵੈ॥*

ਗੁਰੂ ਸਾਹਿਬ ਨੇ ਕਾਮ ਕਰੋਧ ਲੋਭ ਮੋਹ ਹੰਕਾਰ ਪੰਜਾਂ ਵਿਕਾਰਾਂ ਦੇ ਨਾਲ ਨਾਲ ਹਠ ਨੂੰ ਵੀ ਸ਼ਾਮਲ ਕੀਤਾ ਏ ਅਤੇ ਇਸ ਤੋਂ ਵੀ ਬਚਣ ਦਾ ਉਪਦੇਸ਼ ਕੀਤਾ ਹੈ। ਇਹਨਾਂ ਵਿਕਾਰਾਂ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ ਵੱਖ ਥਾਵਾਂ ਤੇ ਜਿਕਰ ਇਸ ਪ੍ਰਕਾਰ ਹੈ:

- *ਸਾਧੋ ਮਨ ਕਾ ਮਾਨੁ ਤਿਆਗਉ।*
*ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ*
*ਤਾ ਤੇ ਅਹਿਨਿਸਿ ਭਾਗਉ।*

(ਗੁਰੂ ਗ੍ਰੰਥ ਸਾਹਿਬ, ਪੰਨਾ ੨੧੯)

- *ਦੁਤੀਆ, ਦੁਰਮਤਿ ਦੂਰਿ ਕਰ ਗੁਰ*

*ਸੇਵਾ ਕਰਿ ਨੀਤ।*
*ਰਾਮ ਰਤਨੁ ਮਨਿ ਮਨਿ ਬਸੈ ਤਜ*
*ਕਾਮ ਕ੍ਰੋਧ ਲੋਭੁ ਮੀਤ।*
(ਗੁਰੂ ਗ੍ਰੰਥ ਸਾਹਿਬ, ਪੰਨਾ ੨੯੬)

- *ਗੁਰ ਕੇ ਚਰਣ ਕਮਲ ਨਮਸਕਾਰਿ।*
*ਕਾਮੁ ਕ੍ਰੋਧ ਇਸ ਤਨ ਤੇ ਮਾਰਿ।*
(ਗੁਰੂ ਗ੍ਰੰਥ ਸਾਹਿਬ, ਪੰਨਾ ੮੬੬)

- *ਛੋਡਹੁ ਕਾਮ ਕ੍ਰੋਧ ਬੁਰਿਆਈ।*
*ਹਉਮੈਂ ਧੰਧ ਛੋਡਹੁ ਲਪਟਾਈ।*
(ਗੁਰੂ ਗ੍ਰੰਥ ਸਾਹਿਬ, ਪੰਨਾ ੧੦੨੬)

ਗੁਰੂ ਅਮਰਦਾਸ ਜੀ ਉਸ ਵਿਅਕਤੀ ਨੂੰ ਅਸਲੀ ਬਹਾਦਰ ਤੇ ਸੂਰਮਾ ਗਿਣਦੇ ਹਨ ਜਿਸਨੇ ਆਪਣੇ ਆਪ ਵਿਚੋਂ ਹੰਕਾਰ ਨੂੰ ਖਤਮ ਕਰ ਲਿਆ ਹੈ:

*ਨਾਨਕ, ਸੋ ਸੂਰਾ ਵਰੀਆਮੁ ਜਿਨ*
*ਵਿਚਹੁ ਦੁਸਟੁ ਅਹੰਕਰਣੁ ਮਾਰਿਆ।*
(ਗੁਰੂ ਗ੍ਰੰਥ ਸਾਹਿਬ, ਪੰਨਾ ੮੬)

ਜਿਵੇਂ ਕਿ ਪਹਿਲਾਂ ਦਸ ਚੁਕੇ ਹਾਂ ਕਿ ਹਠ ਨੂੰ ਗੁਰੂ ਸਾਹਿਬ ਨੇ ਪੰਜ ਵਿਕਾਰਾਂ ਦੇ ਨਾਲ ਹੀ ਸ਼ਾਮਲ ਕੀਤਾ ਹੈ। ਲੋਕ ਗ੍ਰਹਿਸਥ ਤਿਆਗ ਕੇ ਹਠ ਨਾਲ ਆਪਣੀਆਂ ਵਾਸ਼ਨਾਵਾਂ ਨੂੰ ਮਾਰਨ ਦੇ ਰਾਹ ਪੈਂਦੇ ਸਨ। ਇਹ ਵੀ ਉਨ੍ਹਾਂ ਹੀ ਮਾੜਾ ਹੈ ਜਿੰਨਾ ਕਿ ਭੋਗਾਂ ਵਾਲਾ ਰਾਹ। ਗੁਰੂ ਸਾਹਿਬ ਸਹਿਜ ਦਾ ਰਾਹ ਦਸਦੇ ਹਨ ਕਿ ਗ੍ਰਹਿਸਥ ਦੇ ਵਿਚ ਉਦਾਸੀ ਦੀ ਭਾਵਨਾ ਹੋਵੇ। ਇਸ ਨੂੰ ਸਹਿਜ ਜੋਗ ਵੀ ਕਿਹਾ ਗਿਆ ਹੈ। ਗੁਰੂ ਨਾਨਕ ਦੇਵ ਜੀ ਹਠ ਬਾਰੇ ਫੁਰਮਾਉਂਦੇ ਹਨ:

*ਹਠੁ ਕਰਿ ਮਰੈ ਨ ਲੇਖੈ ਪਾਵੈ।*
(ਆਦਿ ਗ੍ਰੰਥ ੧, ਪੰਨਾ ੨੨੬)

ਹਠ ਨਾਲ ਜੇ ਕਿਸੇ ਨੇ ਬ੍ਰਹਮਚਰਜ ਧਾਰਨ ਕੀਤਾ ਹੋਵੇ ਤਾਂ ਫਿਰ ਉਸ ਵਿਚ ਹੰਕਾਰ ਜ਼ਰੂਰ ਜਾਗਦਾ ਹੈ। ਇਸੇ ਬਾਰੇ ਫੁਰਮਾਨ ਹੈ:

*ਬ੍ਰਹਮਚਾਰਿ ਬ੍ਰਹਮਚਰਜੁ ਕੀਨਾ*
*ਹਿਰਦੈ ਭਇਆ ਗੁਮਾਨਾ।*
*ਸੰਨਿਆਸੀ ਹੋਇ ਕੈ ਤੀਰਥਿ*
*ਭ੍ਰਮਿਓ ਉਸ ਮਹਿ ਕ੍ਰੋਧ ਬਿਗਾਨਾ।*
(ਗੁਰੂ ਗ੍ਰੰਥ ਸਾਹਿਬ, ਪੰਨਾ ੧੦੦੩)

ਉਪਰੋਕਤ ਇਸ ਦਸੇ ਸ਼ਬਦ ਵਾਲੇ ਰਾਹ ਤੇ ਚਲਣ ਵਾਲਾ ਸਿੱਖ ਸੰਨਿਆਸੀ ਪਰਮ ਪੁਰਖ ਨੂੰ ਪਰਾਪਤ ਕਰ ਸਕਦਾ ਹੈ:

*ਤਬ ਹੀ ਆਤਮ ਤਤ ਕੋ ਦਰਸੈ*
*ਪਰਮ ਪੁਰਖ ਕਹਿ ਪਾਵੈ।*
*ਕਿੰਨਾ ਭਾਵ ਪੂਰਤ ਹੈ।*
ਗੁਰੂ ਗੋਬਿੰਦ ਸਿੰਘ ਜੀ ਦਾ ਇਹ ਰਹਿਤਨਾਮਾ।

# ਗੁਰਮਤਿ ਸੰਗੀਤ ਵਿਚ ਪ੍ਰਯੋਗ ਹੋਣ ਵਾਲੇ ਸਾਜ਼

ਡਾ. ਭਗਵੰਤ ਕੌਰ
ਮੁਖੀ ਸੰਗੀਤ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਭਾਰਤ ਇਕ ਧਰਮ ਪ੍ਰਧਾਨ ਦੇਸ਼ ਹੈ ਇਸ ਲਈ ਭਾਰਤੀ ਸਮਾਜ ਅਤੇ ਸੰਸਕ੍ਰਿਤੀ ਤੇ ਅਧਿਆਤਮਿਕਤਾ ਦੇ ਅੰਸ਼ ਸਾਫ ਸਾਫ ਦਿਖਾਈ ਦਿੰਦੇ ਹਨ। ਸੰਸਕ੍ਰਿਤੀ ਦੇ ਕਿਸੇ ਵੀ ਪੱਖ ਦਾ ਅਧਿਐਨ ਕਰਨ ਤੇ ਉਸ ਵਿਚ ਧਰਮ ਦਾ ਪੱਖ ਜ਼ਰੂਰ ਮਿਲਦਾ ਹੈ। ਵਿਭਿੰਨ ਧਰਮਾਂ ਵਿਚ ਸੰਗੀਤ ਦਾ ਵਿਸ਼ੇਸ਼ ਮਹੱਤਵ ਆਰੰਭ ਤੋਂ ਹੀ ਰਿਹਾ ਹੈ। ਮਨੁੱਖੀ ਜੀਵਨ ਦਾ ਪ੍ਰਮੁੱਖ ਉਦੇਸ਼ ਪ੍ਰਭੂ ਪ੍ਰਾਪਤੀ ਹੈ। ਪ੍ਰਭੂ ਪ੍ਰਾਪਤੀ ਲਈ ਧਾਰਮਿਕ ਆਗੂਆਂ ਸੰਤਾਂ ਪੀਰਾਂ ਫਕੀਰਾਂ ਗੁਰੂਆਂ ਨੇ ਸੰਗੀਤ ਨੂੰ ਉਸਦੇ ਵਿਸ਼ੇਸ਼ ਗੁਣਾਂ ਕਰਕੇ ਉਤਮ ਸਾਧਨ ਮੰਨਿਆਂ। ਸੰਗੀਤਆਤਮਕ ਢੰਗ ਨਾਲ ਪ੍ਰਮਾਤਮਾ ਦੇ ਗੁਣਾਂ ਦਾ ਗਾਨ ਕਰਨ ਨੂੰ ਕੀਰਤਨ ਕਿਹਾ ਗਿਆ। ਕੀਰਤਨ ਦਾ ਆਰੰਭ ਵੈਦਿਕ ਕਾਲ ਤੋਂ ਹੀ ਮੰਨਿਆਂ ਜਾਂਦਾ ਹੈ। ਪ੍ਰੰਤੂ ਕੀਰਤਨ ਦਾ ਅਸਲ ਸੰਬੰਧ ਭਗਤੀ ਲਹਿਰ ਨਾਲ ਮੰਨਿਆ ਜਾਂਦਾ ਹੈ। ਮੱਧ ਕਾਲ ਦਾ ਸਮਾਂ ਭਗਤੀ ਅੰਦੋਲਨ ਦਾ ਸਮਾਂ ਸੀ। ਇਸ ਸਮੇਂ ਦੇ ਧਾਰਮਿਕ ਆਗੂਆਂ ਪੀਰਾਂ ਗੁਰੂਆਂ ਆਦਿ ਨੇ ਆਪਣੀਆਂ ਬਾਣੀਆਂ ਨੂੰ ਗੇਯਾਤਮਕ ਢੰਗ ਰਾਹੀਂ ਪ੍ਰਗਟਾਉਣ ਲਈ ਵਿਸ਼ੇਸ਼ ਸਾਜ਼ਾਂ ਦਾ ਪ੍ਰਯੋਗ ਕੀਤਾ। ਗਾਇਨ ਨਾਲ ਪ੍ਰਯੋਗ ਹੋਣ ਵਾਲੇ ਸਾਜ਼ਾਂ ਦਾ ਆਪਣਾ ਅਲਗ ਪ੍ਰਭਾਵ ਹੁੰਦਾ ਹੈ ਚਾਹੇ ਉਹ ਸੰਗੀਤ ਦੇ ਰੂਪ ਵਿਚ ਲੈਅ ਜਾਂ ਤਾਲ ਦੇਣ ਲਈ ਜਾਂ ਵਿਸ਼ੇਸ਼ ਮਾਹੌਲ ਬਣਾਉਣ ਲਈ ਵਰਤੇ ਜਾਣ। ਪ੍ਰਾਚੀਨ ਕਾਲ ਤੋਂ ਲੈ ਕੇ ਮੱਧ ਕਾਲ ਤੱਕ ਸਾਜ਼ਾਂ ਤੇ ਗਾਇਨ ਸਮਗ੍ਰੀ ਹੀ ਵੱਜਦੀ ਸੀ। ਵਾਦਕ ਸੰਗਤ ਤੋਂ ਇਲਾਵਾ ਖਾਲੀ ਸਥਾਨ ਤੇ ਗਾਇਨ ਸਮਗ੍ਰੀ ਨੂੰ ਹੀ ਆਪਣੇ ਸਾਜ਼ ਤੇ ਪ੍ਰਸਤੁਤ ਕਰਦੇ ਸਨ।

ਗੁਰਬਾਣੀ, ਜਿਸਦੀ ਰਚਨਾ ਵੀ ਮੱਧ ਕਾਲ ਵਿਚ ਹੋਈ ਦੀਆਂ ਗਾਇਨ ਰਚਨਾਵਾਂ ਨਾਲ ਵਿਭਿੰਨ ਪ੍ਰਕਾਰ ਦੇ ਸਾਜ਼ਾਂ ਦੀ ਵਰਤੋਂ ਕੀਤੀ ਗਈ। ਇਨ੍ਹਾਂ ਸਾਜ਼ਾਂ ਨੂੰ ਦੋ ਮੁੱਖ ਰੂਪਾਂ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ।

1. ਸਵਰ ਸਾਜ਼
2. ਲੈਅ ਅਤੇ ਤਾਲ ਸਾਜ਼

ਸਵਰ ਸਾਜ਼ - ਇਸ ਸ਼੍ਰੇਣੀ ਦੇ ਅੰਤਰਗਤ ਉਹ ਸਾਜ਼ ਆਉਂਦੇ ਹਨ। ਜਿਨ੍ਹਾਂ ਤੇ ਸਵਰਾਂ ਦੀ ਉਤਪਤੀ ਹੋ ਸਕੇ ਜਿਵੇਂ- ਵੀਨਾ, ਸਿਤਾਰ, ਸਾਰੰਗੀ, ਇਸਰਾਜ਼, ਬੰਸਰੀ, ਸ਼ਹਿਨਾਈ, ਜਲਤਰੰਗ ਅਤੇ ਹਾਰਮੋਨੀਅਮ ਆਦਿ।

ਲੈਅ ਅਤੇ ਤਾਲ ਸਾਜ਼ - ਇਸ ਦੇ ਸ਼੍ਰੇਣੀ ਦੇ ਅੰਤਰਗਤ ਉਹ ਸਾਜ਼ ਆਉਂਦੇ ਹਨ। ਜਿਨ੍ਹਾਂ ਦਾ ਸੰਬੰਧ ਲੈਅ ਅਤੇ ਤਾਲ ਨਾਲ ਹੋਵੇ ਜਿਵੇਂ- ਮਰਦੰਗ, ਪਖਾਵਜ, ਤਬਲਾ ਆਦਿ (ਤਾਲ ਸਾਜ਼) ਮੰਜੀਰਾ, ਘੁੰਘਰੂ ਚਿਮਟਾ, ਟੱਲੀ, ਖੜਤਾਲ ਆਦਿ (ਲੈਅ ਸਾਜ਼) ਆਉਂਦੇ ਹਨ। ਇਨ੍ਹਾਂ ਮੁੱਖ ਸ਼੍ਰੇਣੀਆਂ ਨੂੰ ਵਿਦਵਾਨਾਂ ਨੇ ਇਨ੍ਹਾਂ ਦੀਆਂ ਧੁਨੀਆਂ ਦੇ ਅਧਾਰ ਤੇ ਸਾਜ਼ਾਂ ਨੂੰ ਅਗੋਂ ਚਾਰ ਭਾਗਾਂ ਵਿਚ ਵੰਡਿਆਂ ਹੈ। 1. ਤੱਤ ਸਾਜ਼, 2.ਅਵਨਧ ਸਾਜ਼, 3. ਘਨ ਸਾਜ਼, 4. ਸੁਸ਼ਿਰ ਸਾਜ਼

ਇਨ੍ਹਾਂ ਸਾਜ਼ਾ ਦਾ ਪ੍ਰਚਾਰ ਵਿਭਿੰਨ ਕਾਲਾਂ (ਪ੍ਰਾਚੀਨ, ਮੱਧ ਅਤੇ ਆਧੁਨਿਕ) ਵਿਭਿੰਨ ਪੱਖਾਂ (ਲੋਕ, ਸ਼ਾਸਤਰੀ ਸੁਗਮ ਆਦਿ) ਵਿਭਿੰਨ ਵਾਦਨ ਸ਼ੈਲੀਆਂ (ਸੰਗੀਤ ਜਾਂ ਸੁਤੰਤਰ ਵਾਦਨ ਸ਼ੈਲੀ) ਨਾਲ ਵਿਸ਼ੇਸ਼ ਤੌਰ ਤੇ ਹੁੰਦਾ ਰਿਹਾ।

ਗੁਰਬਾਣੀ ਵਿਚ ਸਾਜ਼ਾਂ ਦਾ ਪ੍ਰਯੋਗ ਕੇਵਲ ਸੰਗਤ ਦੇ ਰੂਪ ਵਿਚ ਹੀ ਹੋਇਆ।

ਤੰਤੀ ਸਾਜ਼- ਗੁਰਬਾਣੀ ਗਾਇਨ ਪਰੰਪਰਾ ਵਿਚ ਤੰਤੀ ਸਾਜ਼ਾਂ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਉਹਨਾਂ ਵਿਚੋਂ ਰਬਾਬ, ਸਾਰੰਦਾ, ਤਾਊਸ, ਇਸਰਾਜ ਦਿਲਰੁਬਾ ਆਦਿ ਨਾਮ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ।

ਰਬਾਬ ਦਾ ਉਲੇਖ ਤਾਂ ਗੁਰਬਾਣੀ ਦੀਆਂ ਰਚਨਾਵਾਂ ਵਿਚੋਂ ਹੀ ਮਿਲਦਾ ਹੈ। ਜਿਵੇਂ-

"ਟੂਟੀ ਤੰਤ ਰਬਾਬ ਦੀ ਵਾਜੈ ਨਹੀਂ ਵਿਯੋਗਿ"

ਗੁਰੂ ਨਾਨਕ ਦੇਵ ਜੀ ਦਾ ਸਾਥੀ ਭਾਈ ਮਰਦਾਨਾ ਕੀਰਤਨ ਨਾਲ ਰਬਾਬ ਦੀ ਸੰਗਤ ਕਰਦਾ ਸੀ। ਗੁਰੂ ਸਾਹਿਬ ਨੂੰ ਜਦੋਂ ਬਾਣੀ ਉਚਾਰਣ ਦੀ ਇੱਛਾ ਹੁੰਦੀ ਤਦ ਉਹ ਮਰਦਾਨੇ ਨੂੰ ਕਹਿੰਦੇ ਕਿ ਮਰਦਾਨਿਆਂ ਰਬਾਬ ਵਜਾ ਬਾਣੀ ਆਈ ਹੈ। ਤਦ ਉਹ ਜਿਸ ਰਾਗ ਵਿੱਚ ਗੁਰੂ ਸਾਹਿਬ ਨੇ ਬਾਣੀ ਉਚਾਰਨੀ ਹੁੰਦੀ ਉਸ ਰਾਗ ਦੀਆਂ ਸੁਰਾਂਵਾਲੀਆਂ ਵਜਾਉਣ ਲੱਗ ਪੈਂਦਾ। ਜਿਸ ਨਾਲ ਸਾਰੇ ਵਾਤਾਵਰਣ ਵਿਚ ਉਸ ਰਾਗ ਦਾ ਸਰੂਪ ਵਸ ਜਾਂਦਾ ਤੇ ਗੁਰੂ ਸਾਹਿਬ ਉਸ ਰਾਗ ਵਿਚ ਬਾਣੀ ਉਚਾਰਣ ਲਗ ਪੈਂਦੇ। ਰਬਾਬ ਮੱਧ ਕਾਲ ਦਾ ਵਿਸ਼ੇਸ਼ ਕਰਕੇ ਪੰਜਾਬ ਦਾ ਲੋਕ ਪ੍ਰਿਯ ਸਾਜ਼ ਸੀ। ਚਾਹੇ ਇਸਦਾ ਸਮੁੱਚੇ ਪੰਜਾਬ ਦੇ ਸੰਗੀਤ ਵਿਚ ਵਿਸ਼ੇਸ਼ ਸਥਾਨ ਸੀ, ਪਰੰਤੂ ਮਰਦਾਨੇ ਨਾਲ ਰਬਾਬ ਦਾ ਅਟੁੱਟ ਸੰਬੰਧ ਮੰਨਿਆਂ ਜਾਂਦਾ ਹੈ। ਕਿਸੇ ਵਿਸ਼ੇਸ਼ ਸਾਜ਼ ਦਾ ਨਾਮ ਵਿਸ਼ੇਸ਼ ਵਿਅਕਤੀ ਦੇ ਨਾਮ ਨਾਲ ਕੁਝ ਵਿਸ਼ੇਸ਼ਤਾਵਾਂ ਕਾਰਣ ਜੁੜਦਾ ਹੈ।

1. ਜਦੋਂ ਸਾਜਿੰਦਾ ਆਪਣੇ ਸਾਜ਼ ਨੂੰ ਆਪ ਬਣਾਵੇ ਜਾਂ ਆਪਣੀ ਰੁਚੀ ਅਨੁਸਾਰ ਥੋੜੀ ਬਹੁਤ ਤਬਦੀਲੀ ਕਰੇ

2. ਜਦੋਂ ਸਾਜ਼ਿੰਦਾ ਉਸ ਸਾਜ਼ ਨੂੰ ਇੰਨਾ ਵਧੀਆਂ ਵਜਾਵੇ ਜਾਂ ਵਿਸ਼ੇਸ਼ ਸ਼ੈਲੀ ਕਾਇਮ ਕਰ ਦੇਵੇ।

ਭਾਈ ਮਰਦਾਨੇ ਦਾ ਨਾਮ ਰਬਾਬ ਨਾਲ ਉੱਤਮ ਪ੍ਰਸਤੁਤੀ ਕਾਰਣ ਜੁੜਿਆ ਲਗਦਾ ਹੈ। ਭਾਈ ਮਰਦਾਨਾ ਜਾਤ ਦੇ ਮਿਰਾਸੀ ਸਨ। ਪਰੰਤੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਮਿਰਾਸੀ ਨਾ ਕਹਿ ਕੇ ਰਬਾਬੀ ਕਿਹਾ। ਬਾਅਦ ਵਿਚ ਰਬਾਬੀ ਸ਼ਬਦ ਇੰਨਾ ਪ੍ਰਚਲਿਤ ਹੋ ਗਿਆ ਕਿ ਹਰੇਕ ਕੀਰਤਨ ਦੇ ਨਾਲ ਸੰਗਤ ਕਰਨ ਵਾਲੇ ਸਾਜ਼ਿੰਦੇ ਨੂੰ ਰਬਾਬੀ ਕਿਹਾ ਜਾਣ ਲੱਗਾ ਪਰੰਤੂ ਆਧੁਨਿਕ ਕਾਲ ਵਿਚ ਅਜਿਹਾ ਨਹੀਂ ਹੈ। ਆਧੁਨਿਕ ਯੁਗ ਵਿਚ ਰਬਾਬ ਦਾ ਪ੍ਰਚਾਰ ਨਹੀਂ ਹੈ।

**ਸਾਰੰਦਾ:** ਸਾਰੰਦਾ ਵੀ ਪੰਜਾਬ ਦਾ ਲੋਕ ਪ੍ਰਿਯ ਸਾਜ਼ ਸੀ। ਇਸ ਦਾ ਪ੍ਰਯੋਗ ਵੀ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਤੌਰ ਤੇ ਕੀਤਾ ਜਾਂਦਾ ਸੀ। ਇਸ ਸਾਜ਼ ਦਾ ਅਕਾਰ ਸਾਰੰਗੀ ਨਾਲ ਮਿਲਦਾ ਜੁਲਦਾ ਸੀ। ਇਸ ਸਾਜ਼ ਦੇ ਅਵਿਸ਼ਕਾਰ ਬਾਰੇ ਵਿਦਵਾਨਾਂ ਦੇ ਮਤਭੇਦ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਇਸਦਾ ਅਵਿਸ਼ਕਾਰ ਗੁਰੂ ਅਰਜਨ ਦੇਵ ਜੀ ਨੇ ਕੀਤਾ।[2] ਜਦੋਂ ਕਿ ਸਾਦਿਕ ਅਲੀ ਖਾਂ ਅਨੁਸਾਰ ਇਸ ਦਾ ਅਵਿਸ਼ਕਾਰ ਗੁਰੂ ਅਮਰਦਾਸ ਜੀ ਨੇ ਕੀਤਾ।[3]

ਸਾਰੰਦੇ ਦੇ ਅਵਿਸ਼ਕਾਰ ਬਾਰੇ ਚਾਹੇ ਮੱਤ ਭੇਦ ਹਨ ਪ੍ਰੰਤੂ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਿਚ ਇਸ ਨੂੰ ਲੋਕ ਪ੍ਰਿਯ ਬਣਾਉਣ ਲਈ ਸਿੱਖ ਗੁਰੂਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸਦਾ ਜ਼ਿਆਦਾ ਪ੍ਰਚਾਰ ਚੌਥੇ ਅਤੇ ਪੰਜਵੇਂ ਗੁਰੂ ਸਾਹਿਬਾਨ ਦੇ ਸਮੇਂ ਰਿਹਾ। ਭਾਈ ਕਰਮ ਚੰਦ, ਭਾਈ ਮੰਗਲ ਸਿੰਘ, ਭਾਈ ਲਾਭ ਸਿੰਘ ਆਦਿ ਸਾਰੰਦਾ ਵਾਦਕਾਂ ਦਾ ਨਾਮੁ ਗੁਰਬਾਣੀ ਪਰੰਪਰਾ ਨਾਲ ਵਿਸ਼ੇਸ਼ ਤੌਰ ਤੇ ਵਰਨਣ ਯੋਗ ਹੈ। ਏ. ਐਸ. ਗੋਸਲ ਆਪਣੀ ਪੁਸਤਕ "ਸਿੱਖ ਧਰਮ ਅਤੇ ਸੰਗੀਤ" ਵਿਚ ਲਿਖਦੇ ਹਨ ਕਿ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਮਹੰਤ ਸ਼ਾਮ ਸਿੰਘ ਜੀ ਨੇ ਸਾਰੰਦੇ ਨਾਲ ਲਗਭਗ 70 ਸਾਲ ਤਕ ਕੀਰਤਨ ਕੀਤਾ।[4] ਆਧੁਨਿਕ ਯੁਗ ਵਿਚ ਹਰਿਮੰਦਰ ਸਾਹਿਬ ਦੇ ਅਜਾਇਬ ਘਰ ਵਿਚ ਪੁਰਾਣਾ ਸਾਰੰਦਾ ਅੱਜ ਵੀ ਮੌਜੂਦ ਹੈ।

ਸਾਰੰਦਾ ਅਸਲ ਵਿਚ ਲੋਕ ਸਾਜ਼ ਸੀ। ਜਿਸ ਦਾ ਪ੍ਰਯੋਗ ਲੋਕ ਗਾਥਾਵਾਂ ਨਾਲ ਵਧੇਰੇ ਕੀਤਾ ਜਾਂਦਾ ਸੀ। ਵਿਸ਼ੇਸ਼ ਪ੍ਰਕਾਰ ਦੀ ਲੈਅ ਬੱਧਤਾ ਨੂੰ ਕਾਇਮ ਰੱਖਣ ਲਈ ਲੋਕ ਗਾਇਕ ਇਸਦੇ ਸਾਜ਼ ਨੂੰ ਘੁੰਘਰੂ ਬੰਨ੍ਹ ਕੇ ਵਜਾਉਂਦੇ ਹਨ। ਪਰੰਤੂ ਗੁਰਮਤਿ ਸੰਗੀਤ ਪਰੰਪਰਾ ਵਿਚ ਇਸ ਦਾ ਪ੍ਰਯੋਗ ਕੇਵਲ ਲੋਕ ਗਾਇਨ ਰਚਨਾਵਾਂ ਨਾਲ ਨਹੀਂ ਕੀਤਾ ਗਿਆ ਬਲਕਿ ਗੁਰੂ ਸਾਹਿਬਾਨ ਨੇ ਇਸ ਦਾ ਪ੍ਰਯੋਗ ਸ਼ਾਸਤਰੀ ਸੰਗੀਤ ਦੇ ਅੰਤਰਗਤ ਗੁਰਬਾਣੀ ਦੀਆਂ ਰਚਨਾਵਾਂ ਨਾਲ ਵੀ ਕੀਤਾ।

**ਇਸਰਾਜ:** ਇਸ ਦਾ ਆਕਾਰ ਸਾਰੰਗੀ ਨਾਲ ਬਹੁਤ ਮਿਲਦਾ ਜੁਲਦਾ ਹੈ। ਇਸ ਸਾਜ਼ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ ਸਾਰੰਗੀ ਅਤੇ ਸਿਤਾਰ ਦਾ ਮਿਸ਼ਰਤ ਸਰੂਪ ਹੈ। ਅਸਲ ਵਿਚ ਸਾਰੰਗੀ ਦਾ ਸਥਾਨ ਉਹ ਨਹੀਂ ਸੀ ਜਿਹੜਾ ਸਿਤਾਰ ਦਾ ਸੀ।

ਡਾ. ਪ੍ਰਾਂਜਪੇ ਲਿਖਦੇ ਹਨ ਕਿ ਸਾਰੰਗੀ ਨੂੰ ਉਚ ਸਥਾਨ ਤੇ ਲਿਆਉਣ ਲਈ ਸਿਤਾਰ ਦੇ ਪਰਦਿਆਂ ਨੂੰ ਜੋੜ ਕੇ ਇਸਰਾਜ ਦਾ ਅਵਿਸ਼ਕਾਰ ਕੀਤਾ ਹੋਵੇਗਾ।[5]

ਗੁਰਬਾਣੀ ਗਾਇਨ ਪਰੰਪਰਾ ਨਾਲ ਇਸਰਾਜ ਇਕ ਪ੍ਰਚਲਿਤ ਸਾਜ਼ ਸੀ। ਇਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ ਪੰਜਵੇਂ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਿਯ ਸਾਜ਼ ਸੀ।

**ਤਾਊਸ:** ਮੋਰ ਦੀ ਸ਼ਕਲ ਵਾਲਾ ਤੰਤੀ ਸਾਜ਼ ਤਾਊਸ: ਗੁਰਮਤਿ ਸੰਗੀਤ ਪਰੰਪਰਾ ਬਹੁਤ ਪ੍ਰਚਲਿਤ ਰਿਹਾ। ਲਾਲ ਮਨੀ ਮਿਸ਼ਰ ਅਨੁਸਾਰ ਇਸ ਨੂੰ ਮਿਉਰੀ ਸਾਜ਼ ਵੀ ਕਿਹਾ ਗਿਆ।[6] ਮਿਉਰੀ ਤੋਂ ਭਾਵ ਮੋਰ ਹੈ।

ਗੁਰਮਤਿ ਕੀਰਤਨ ਲਈ ਮਹੰਤ ਗੱਜਾ ਸਿੰਘ ਅਤੇ ਸਰਦਾਰ ਹਰਨਾਮ ਸਿੰਘ ਜੀ ਦਾ ਨਾਮ ਇਸ ਸਾਜ਼ ਲਈ ਵਿਸ਼ੇਸ਼ ਵਰਨਣ ਯੋਗ ਹੈ। ਆਧੁਨਿਕ ਯੁਗ ਵਿਚ ਇਸ ਦਾ ਪ੍ਰਚਾਰ ਨਹੀਂ ਹੈ।

**ਦਿਲਰੁਬਾ:** ਦਿਲਰੁਬਾ ਸਾਜ਼ ਦਾ ਪ੍ਰਯੋਗ ਵੀ ਗੁਰਮਤਿ ਕੀਰਤਨ ਵਿਚ ਵਿਸ਼ੇਸ਼ ਤੌਰ ਤੇ ਹੁੰਦਾ ਰਿਹਾ। ਅਸਲ ਵਿਚ ਤਾਊਸ ਦੀ ਪ੍ਰਪੰਰਾ ਲੁਪਤ ਹੋਣ ਨਾਲ ਇਸ ਸਾਜ਼ ਦਾ ਪ੍ਰਯੋਗ ਗੁਰਮਤਿ ਕੀਰਤਨ ਵਿਚ ਵਿਸ਼ੇਸ਼ ਤੌਰ ਤੇ ਹੁੰਦਾ ਰਿਹਾ। ਗੁਰਮਤਿ ਸੰਗੀਤ ਪਰੰਪਰਾ ਵਿਚ ਭਾਈ ਵਤਨ ਸਿੰਘ ਜੀ ਦਾ ਨਾਮ ਇਸ ਸਾਜ਼ ਲਈ ਵਿਸ਼ੇਸ਼ ਤੌਰ ਤੇ ਵਰਨਣ ਯੋਗ ਹੈ।

**ਤਾਨਪੁਰਾ:** ਗੁਰਮਤਿ ਕੀਰਤਨ ਨਾਲ ਤੰਤੀ ਸਾਜ਼ਾਂ ਦੇ ਅੰਤਰਗਤ ਤਾਨਪੁਰੇ ਦਾ ਵੀ ਪ੍ਰਚਾਰ ਹੈ। ਭਾਰਤੀ ਸ਼ਾਸਤ੍ਰੀ ਗਾਇਨ ਸੰਗੀਤ ਵਿਚ ਤਾਨਪੁਰਾ ਗਾਇਕ ਨੂੰ ਸਵਰ ਉਚਾਰਣ ਵਿਚ ਸਹਾਇਤਾ ਕਰਦਾ ਹੈ। "ਮੰਨਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਖੁਦ ਤਾਨਪੁਰੇ ਉਪਰ ਰਾਗਾਤਮਕ ਸ਼ਬਦ ਗਾਇਨ ਕਰਿਆ ਕਰਦੇ ਸਨ।"[7]

**ਸਿਤਾਰ:** ਗੁਰਮਤਿ ਕੀਰਤਨ ਵਿਚ ਸਿਤਾਰ ਦਾ ਪ੍ਰਯੋਗ ਚਾਹੇ ਮੱਧ ਕਾਲ ਵਿਚ ਨਹੀਂ ਸੀ। ਪਰੰਤੂ ਆਧੁਨਿਕ ਯੁਗ ਵਿਚ ਸਿਤਾਰ ਦਾ ਪ੍ਰਯੋਗ ਸੰਗਤ ਦੇ ਰੂਪ ਵਿਚ ਕਰਨ ਦੀ ਪ੍ਰਥਾ ਹੈ।

ਤੰਤੀ ਸਾਜ਼ਾਂ ਦਾ ਪ੍ਰਯੋਗ ਗੁਰਮਤਿ ਕੀਰਤਨ ਵਿਚ ਚਾਹੇ ਘੱਟ ਰਿਹਾ ਹੈ। ਪਰੰਤੂ ਫਿਰ ਵੀ ਪੁਰਾਤਨ ਪਰੰਪਰਾਗਤ ਕੀਰਤਨਕਾਰ ਗੁਰਬਾਣੀ ਦੀਆਂ ਗੀਤਾਂ ਨਾਲ ਵਿਸ਼ੇਸ਼ ਸਾਜ਼ਾਂ ਦਾ ਪ੍ਰਯੋਗ ਕਰਦੇ ਹਨ।

**ਅਵਨਧ ਤਾਲ ਸਾਜ਼:** ਅਵਨਧ ਸਾਜ਼ਾਂ ਰਾਹੀਂ ਤਾਲ ਅਤੇ ਲੈਅ ਦੀ ਵਿਸ਼ੇਸ਼ ਗਤੀ ਨੂੰ ਕਾਇਮ ਰਖਿਆ ਜਾਂਦਾ ਹੈ। ਵਿਭਿੰਨ ਸ਼ੈਲੀਆਂ ਨਾਲ ਵਿਭਿੰਨ ਤਰ੍ਹਾਂ ਦੇ ਅਵਨਧ ਸਾਜ਼ਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ- ਸ਼ਾਸ਼ਤ੍ਰੀ ਗਾਇਨ ਸ਼ੈਲੀਆਂ ਨਾਲ ਪਖਾਵਜ, ਮਰਦੰਗ, ਤਬਲਾ ਆਦਿ ਜਦੋਂ ਕਿ ਲੋਕ ਪੱਖ ਨਾਲ ਢੋਲਕ, ਢੱਡ, ਡਮਰੂ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਗੁਰਬਾਣੀ ਦੀਆਂ ਰਚਨਾਵਾਂ ਵਿਚ ਪਖਾਵਜ ਦਾ ਵਰਨਣ ਮਿਲਦਾ ਹੈ। ਜਿਵੇਂ-

*ਵਾਜਾ ਮਤਿ ਪਖਾਵਜ ਭਾਉ*
*ਹੋਇ ਅਨੰਦੁ ਸਦਾ ਮਨਿ ਚਾਉ।* [8]

ਗੁਰਮਤਿ ਸੰਗੀਤ ਦੀਆਂ ਪਰੰਪਰਾਗਤ ਕੀਰਤਨ ਸ਼ੈਲੀਆਂ ਨਾਲ ਪਖਾਵਜ ਦਾ ਪ੍ਰਯੋਗ ਵਿਸ਼ੇਸ਼ ਤੌਰ ਤੇ ਹੁੰਦਾ ਰਿਹਾ ਹੈ। ਪਖਾਵਜ ਦਾ ਪ੍ਰਯੋਗ ਧਰੁਪਦ ਗਾਇਕੀ ਨਾਲ ਕੀਤਾ ਜਾਂਦਾ ਸੀ। ਧਰੁਪਦ ਗਾਇਨ ਦਾ ਪ੍ਰਚਾਰ ਘਟਣ ਨਾਲ ਪਖਾਵਜ ਦਾ ਪ੍ਰਚਾਰ ਵੀ ਘੱਟ ਗਿਆ। ਧਰੁਪਦ ਗਾਇਨ ਸ਼ੈਲੀ ਦੀ ਜਗ੍ਹਾ ਤੇ ਖਿਆਲ ਸ਼ੈਲੀ ਅਧਿਕ ਪ੍ਰਚਲਿਤ ਹੋਣ ਲਗੀ ਜਿਸ ਨਾਲ ਤਾਲ ਸਾਜ਼ ਦੇ ਰੂਪ ਵਿਚ ਤਬਲੇ ਦਾ ਪ੍ਰਚਾਰ ਆ ਗਿਆ। ਤਬਲੇ ਦਾ ਪ੍ਰਚਾਰ ਲਗਭਗ 19ਵੀਂ ਸਦੀ ਤੋਂ ਵਧੇਰੇ ਹੋਂਦ ਵਿੱਚ ਆਇਆ। ਤਬਲੇ ਦਾ ਆਰੰਭਿਕ ਆਕਾਰ ਅਤੇ ਆਧੁਨਿਕ ਆਕਾਰ ਵਿਚ ਥੋੜਾ ਅੰਤਰ ਸੀ।

ਆਰੰਭਿਕ ਆਕਾਰ ਆਧੁਨਿਕ ਆਕਾਰ ਨਾਲੋਂ ਥੋੜਾ ਵੱਡਾ ਸੀ। ਉਸਦੇ ਖੱਬੇ ਭਾਗ ਤੇ ਆਟਾ ਲਗਾਇਆ ਜਾਂਦਾ ਸੀ। ਜਿਸ ਨਾਲ ਪਖਾਵਜ ਵਾਂਗ ਖੁਲ੍ਹੇ ਬੋਲ੍ਹਾਂ ਦਾ ਪ੍ਰਸਾਰ ਹੋ ਸਕੇ ਕਿਉਂਕਿ ਧਰੁਪਦ ਗਾਇਨ ਸ਼ੈਲੀ ਦਾ ਪ੍ਰਚਾਰ ਇਕ ਦਮ ਸਮਾਪਤ ਨਹੀਂ ਸੀ ਹੋ ਗਿਆ। ਖੱਬੇ ਤਬਲੇ ਨੂੰ ਪੰਜਾਬ ਵਿਚ ਧਾਮਾਂ ਕਿਹਾ ਜਾਂਦਾ ਹੈ ਅਤੇ ਖੱਬੇ ਅਤੇ ਸੱਜੇ ਤਬਲੇ ਦੋਹਾਂ ਨੂੰ ਜੋੜੀ ਕਿਹਾ ਜਾਂਦਾ ਹੈ। ਗੁਰਮਤਿ ਕੀਰਤਨ ਵਿਚ ਜੋੜੀ ਵਜਾਉਣ ਦੀ ਵਿਸ਼ੇਸ਼ ਪਰੰਪਰਾ ਸੀ ਅਰਥਾਤ ਤਾਲ ਅਤੇ ਲੈਅ

ਦਾ ਪ੍ਰਗਟਾਵਾ ਵਿਸ਼ੇਸ਼ ਰੂਪ ਨਾਲ ਕੀਤਾ ਜਾਂਦਾ ਸੀ। ਜਿਸਦਾ ਵਰਨਣ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਜੀ ਨੇ ਆਪਣੀ ਪੁਸਤਕ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਵਿਚ ਕੀਤਾ ਹੈ। ਜਿਵੇਂ-

1. ਪਹਿਲੇ ਸ਼ਾਨ (ਲਹਿਰਾ) ਵਜਾਉਣਾ।

2. ਫਿਰ ਮੰਗਲਾ ਚਰਨ ਕਰਨਾ ਠੇਕਾ ਧਮਾਰ ਜਾਂ ਚਾਰਤਾਲ ਵਿਚ

3. ਫਿਰ ਧਰੁਪਦ ਜਾਂ ਵੱਡੇ ਤਾਲ ਦੀ ਕੋਈ ਰੀਤ ਗਾਉਣੀ ਤੇ ਉਸ ਰੀਤ ਨਾਲ ਜੋੜੀ ਵਾਲੇ ਸਜਣ ਨੇ ਗਤ (ਬੰਦ ਹੱਥਾਂ ਨਾਲ) ਜਾਂ ਸਾਥ (ਖੁੱਲੇ ਹੱਥਾਂ ਨਾਲ) ਬੋਲ, ਲਗਾਂ, ਪਰਣਾਂ ਵਜਾਉਣੀਆਂ ਤੇ ਠਾਅ, ਦੂਗਣ, ਤਿਗੁਣ, ਚੌਗੁਣ ਅਥਵਾ ਆੜ, ਕੁਆੜ ਲੈਆਂ ਬਦਲਣੀਆਂ।"[9]

ਆਧੁਨਿਕ ਯੁਗ ਵਿੱਚ ਇਹ ਪਰੰਪਰਾ ਲਗਭਗ ਲੁਪਤ ਹੋ ਗਈ ਹੈ। ਆਧੁਨਿਕ ਯੁਗ ਵਿਚ ਤਬਲੇ ਦਾ ਪ੍ਰਯੋਗ ਗੁਰਮਤਿ ਕੀਰਤਨ ਵਿਚ ਸ਼ਾਸ਼ਤ੍ਰੀ ਅਤੇ ਸੁਗਮ ਸ਼ੈਲੀ ਦੇ ਅੰਤਰਗਤ ਕੀਤਾ ਜਾਂਦਾ ਹੈ।

**ਸ਼ੁਸ਼ਿਰ ਸਾਜ਼:** ਇਸ ਸ਼੍ਰੇਣੀ ਵਿਚ ਉਹ ਸਾਜ਼ ਆਉਂਦੇ ਹਨ ਜਿਨ੍ਹਾਂ ਦੀ ਧੁਨੀ ਹਵਾ ਦੇ ਸੰਯੋਗ ਨਾਲ ਹੁੰਦੀ ਹੈ। ਸ਼ੁਸ਼ਿਰ ਸਾਜ਼ਾਂ ਨੂੰ ਉਹਨਾਂ ਦੀ ਵਾਦਨ ਕਿਰਿਆ ਦੇ ਆਧਾਰ ਤੇ ਤਿੰਨ ਉਪਭੇਦਾਂ ਵਿੱਚ ਵੰਡਿਆਂ ਗਿਆ।

1. ਫੂਕ ਨਾਲ ਧੁਨੀ ਉਤਪੰਨ ਕਰਨ ਵਾਲੇ ਇਕ ਛਿਦ੍ਰ ਸਾਜ਼- ਜਿਸਦੇ ਅੰਤਰਗਤ ਬੰਸਰੀ, ਮੁਰਲੀ, ਬੀਨ, ਸੰਖ ਆਦਿ ਆਉਂਦੇ ਹਨ।

2. ਉਹ ਸਾਜ਼ ਜਿਨ੍ਹਾਂ ਦੇ ਫੂਕ ਵਾਲੇ ਸਥਾਨ ਤੇ ਚਾਬੀ ਜਾਂ ਪੱਤੀ ਲੱਗੀ ਹੁੰਦੀ ਹੈ ਪਰੰਤੂ ਜਦੋਂ ਫੂਕ ਰਾਹੀਂ ਵਾਯੂ ਪ੍ਰਵੇਸ਼ ਹੁੰਦੀ ਹੈ ਤਦ ਚਾਬੀ ਜਾਂ ਪੱਤੀ ਪਿਛੇ ਹਟ ਜਾਂਦੀ ਹੈ। ਜਿਸ ਨਾਲ ਧੁਨੀ ਦੀ ਉਤਪੱਤੀ ਹੁੰਦੀ ਹੈ। ਇਸਦੇ ਅੰਤਰਗਤ ਸ਼ਹਿਨਾਈ, ਸੈਕਸੋਫੋਨ, ਕਲੈਰਿਉਨਟ ਆਦਿ ਆਉਂਦੇ ਹਨ।

3. ਤੀਸਰੀ ਸ਼੍ਰੇਣੀ ਵਿਚ ਉਹ ਸਾਜ਼ ਆਉਂਦੇ ਹਨ ਜਿਨ੍ਹਾਂ ਵਿਚ ਵਾਯੂ ਪ੍ਰਵੇਸ਼ ਮੂੰਹ ਦੀ ਫੂਕ ਤੋਂ ਇਲਾਵਾ ਕਿਸੇ ਹੋਰ ਮਾਧਿਅਮ ਰਾਹੀਂ ਆਉਂਦਾ ਹੈ ਇਸਦੇ ਅੰਤਰਗਤ ਹਾਰਮੋਨੀਅਮ ਆਦਿ ਸਾਜ਼ ਆਉਂਦੇ ਹਨ।

ਗੁਰਮਤਿ ਸੰਗੀਤ ਪਰੰਪਰਾ ਵਿਚ ਚਾਹੇ ਇਸ ਸ਼੍ਰੇਣੀ ਦੇ ਸਾਜ਼ ਮੱਧ ਕਾਲ ਵਿਚ ਨਹੀਂ ਪ੍ਰਯੋਗ ਕੀਤੇ ਜਾਂਦੇ ਸਨ ਪਰੰਤੂ ਆਧੁਨਿਕ ਯੁਗ ਵਿੱਚ ਹਾਰਮੋਨੀਅਮ ਦਾ ਪ੍ਰਯੋਗ ਬਹੁਤ ਪ੍ਰਚਲਿਤ ਹੈ। ਗੁਰਮਤਿ ਕੀਰਤਨ ਚਾਹੇ ਸ਼ਾਸ਼ਤ੍ਰੀ ਪੱਖ ਰਾਹੀਂ ਕੀਤਾ ਜਾ ਰਿਹਾ ਹੋਵੇ ਜਾਂ ਸੁਗਮ ਢੰਗ ਅਨੁਸਾਰ ਹਾਰਮੋਨੀਅਮ ਦਾ ਪ੍ਰਯੋਗ ਹੀ ਅਧਿਕ ਤੌਰ ਤੇ ਕੀਤਾ ਜਾਂਦਾ ਹੈ।

**ਘਨ ਵਾਧ:** ਇਸ ਸ਼੍ਰੇਣੀ ਵਿਚ ਉਹ ਸਾਜ਼ ਆਉਂਦੇ ਹਨ ਜਿਹੜੇ ਕਾਂਸੇ, ਤਾਂਬੇ, ਧਾਤ ਆਦਿ ਦੇ ਬਣੇ ਹੁੰਦੇ ਹਨ। ਜਿਵੇਂ- ਖੜਤਾਲ, ਮੰਜੀਰਾ, ਟੱਲੀ, ਚਿਮਟਾ, ਘੁੰਘਰੂ ਆਦਿ।

ਗੁਰਮਤਿ ਸੰਗੀਤ ਪਰੰਪਰਾ ਵਿਚ ਇਸ ਸ਼੍ਰੇਣੀ ਦੇ ਅੰਤਰਗਤ ਖੜਤਾਲ, ਚਿਮਟਾ, ਛੈਣੇ ਆਦਿ ਦਾ ਪ੍ਰਯੋਗ ਲੈਅ ਦੇਣ ਲਈ ਕਰਨ ਦੀ ਪ੍ਰਥਾ ਹੈ।

ਗੁਰਮਤਿ ਕੀਰਤਨ ਵਿਚ ਸੁਤੰਤਰ ਵਾਦਨ ਸ਼ੈਲੀ ਦੀ ਪਰੰਪਰਾ ਨਹੀਂ ਹੈ। ਸਾਜ਼ਾਂ ਦਾ ਪ੍ਰਯੋਗ ਗੁਰਮਤਿ ਕੀਰਤਨ ਵਿਚ ਕੇਵਲ ਸੰਗੀਤ ਦੇ ਤੌਰ ਤੇ ਹੀ ਕੀਤਾ ਜਾਂਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 934
2. ਕਾਨ੍ਹ ਸਿੰਘ ਨਾਭਾ (ਭਾਈ) ਪੰਨਾ 128 'ਗੁਰੂ ਸ਼ਬਦ ਰਤਨਾਕਰ' ਮਹਾਨ ਕੋਸ਼
3. ਸਾਦਿਕ ਅਲੀਖਾਂ 'ਕਾਨੂੰਨੀ ਮਸੀਕੀ' ਪੰਨਾ 306
4. ਏ ਐਸ ਗੋਇਲ 'ਸਿੱਖ ਧਰਮ ਅਤੇ ਸੰਗੀਤ' ਪੰਨਾ 64
5. ਪ੍ਰਾ ਜਪੇ ਸ੍ਰੀਧਰ 'ਸੰਗੀਤ ਬੋਧ' ਪੰਨਾ 148
6. ਲਾਲ ਮਣੀ ਮਿਸ਼ਰ ਪੰਨਾ 17 'ਭਾਰਤੀਏ ਸੰਗੀਤ ਔਰ ਵਾਦਯ'
7. ਗੁਰਨਾਮ ਸਿੰਘ ਪੰਨਾ 163 'ਗੁਰਮਤਿ ਸੰਗੀਤ ਪ੍ਰਬੰਧ ਤੇ ਪਸਾਰ'
8. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 350
9. ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਭਾਗ-1 ਭੂਮਿਕਾ

# ਗੁਰਮਤਿ ਸੰਗੀਤ ਵਿੱਚ ਰਬਾਬੀ ਸੰਗੀਤਕਾਰਾਂ ਦਾ ਯੋਗਦਾਨ


**ਰੀਮਾ ਸ਼ਰਮਾ**

ਲੈਕਚਰਾਰ ਰਾਮਗੜ੍ਹੀਆ, ਗਰਲਜ਼ ਕਾਲਜ
ਮਿਲਰ ਗੰਜ, ਲੁਧਿਆਣਾ


ਗੁਰਮਤਿ ਸੰਗੀਤ ਪਰੰਪਰਾ ਦਾ ਆਰੰਭ 15ਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਤੋਂ ਹੀ ਮੰਨਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਹਰਿ ਕੀਰਤਨ ਰਾਹੀਂ ਗੁਰਮਤਿ ਸੰਗੀਤ ਦੀ ਨੀਂਹ ਰੱਖੀ ਜਿਸ ਵਿੱਚ ਕਿ ਧਾਰਮਿਕ ਖੇਤਰ ਵਿੱਚ ਭਗਤੀ, ਕਰਮ ਤੇ ਗਿਆਨੁ ਦੁਆਰਾ ਰਚਨਾ ਸ਼ੈਲੀ ਵਿਚ ਕਾਵਿ ਦਾ ਲਲਿਤ ਤੇ ਭਾਵਾਂ ਦਾ ਮਧੁਰ ਸੰਗਮ ਕਰਕੇ ਕੀਰਤਨਕਾਰਾਂ ਦੀ ਪਰੰਪਰਾ ਨੂੰ ਨਵੀਂ ਦਿਸ਼ਾ ਦਿੱਤੀ ਤੇ ਇਸ ਪਰੰਪਰਾ ਦੀ ਸਾਂਭ-ਸੰਭਾਲ ਤੇ ਵਿਕਾਸ ਵਿਚ ਰਬਾਬੀ ਸੰਗੀਤਕਾਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਪੰਚਮ ਪਾਤਸ਼ਾਹ ਤੱਕ ਰਬਾਬੀ ਹੀ ਕੀਰਤਨ ਕਰਦੇ ਸਨ ਪਰ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਰਾਗੀ ਸੰਗੀਤ ਸਿੱਖਿਆ ਲੈ ਕੇ ਕੀਰਤਨ ਕਰਨ ਲੱਗੇ।

ਭਾਰਤੀ ਸੰਗੀਤ ਦੇ ਇਤਿਹਾਸ ਵਿੱਚ ਅਜਿਹਾ ਹਨੇਰੇ ਭਰਿਆ ਯੁੱਗ ਵੀ ਰਿਹਾ ਹੈ। ਜਦੋਂ ਸ਼ਾਸਕ ਤੇ ਉੱਚ ਵਰਗ ਦੇ ਲੋਕ ਸੰਗੀਤ ਨੂੰ ਚੰਗੀ ਨਿਗਾਹ ਨਾਲ ਨਹੀਂ ਵੇਖਦੇ ਸਨ। ਅਜਿਹਾ ਸਮਾਂ ਵੀ ਆਇਆ ਜਦੋਂ ਸੰਗੀਤ ਵਿਲਾਸਤਾ ਦਾ ਸਾਧਨ ਬਣ ਕੇ ਰਹਿ ਗਿਆ। ਇਸ ਸਮੇਂ ਗੁਰੂਆਂ ਦੁਆਰਾ ਕੀਰਤਨ ਦੀ ਸ਼ੁਰੂਆਤ ਕਰਨਾ ਚੰਗੀ ਪ੍ਰਾਪਤੀ ਸੀ। ਜੇਕਰ ਗੁਰਮਤਿ ਸੰਗੀਤ ਦੇ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਮਰਾਸੀ ਅਜਿਹੀ ਜਾਤੀ ਹੈ ਜਿਸ ਨੇ ਗੁਰਮਤਿ ਸੰਗੀਤ ਨੂੰ ਆਪਣੇ ਯਤਨਾਂ ਰਾਹੀਂ ਜੀਵਤ ਰੱਖਿਆ। ਇਸ ਜਾਤੀ ਨੂੰ ਸਮਾਜਿਕ ਮਾਨਤਾ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਦਿੱਤੀ। ਜਦੋਂ ਗੁਰੂ ਨਾਨਕ ਦੇਵ ਜੀ ਨੇ ਮਰਦਾਨਾ ਨਾਮ ਦੇ ਮਰਾਸੀ ਨੂੰ ਕੀਰਤਨ ਦੇ ਨਾਲ ਰਬਾਬ ਦੀ ਸੰਗਤ ਕਰਨ ਲਈ ਚੁਣਿਆ। ਇਸ ਤਰ੍ਹਾਂ ਗੁਰੂ ਜੀ ਦੇ ਨਾਲ ਰਬਾਬ ਵਜਾਉਣ ਕਾਰਨ ਮਰਦਾਨੇ ਦੇ ਨਾਂ ਨਾਲ ਰਬਾਬੀ ਨਾਂ ਜੁੜ ਗਿਆ। ਗੁਰੂ ਜੀ ਮਰਦਾਨੇ ਨੂੰ ਨਾਲ ਲੈ ਕੇ ਕੀਰਤਨ ਕਰਦੇ, ਸ਼ਬਦ ਗਾਇਨ ਕਰਦੇ ਤੇ ਇਹਨਾਂ ਦਾ ਸਾਥ 45 ਸਾਲ ਤੱਕ ਰਿਹਾ।

ਗੁਰੂ ਜੀ ਤੇ ਰਬਾਬੀਆਂ ਨੇ ਗੁਰਬਾਣੀ ਨੂੰ ਅਜਿਹੀਆਂ ਧੁਨਾਂ ਵਿਚ ਨਿਬੱਧ ਕੀਤਾ ਜੋ ਕਿ ਹੋਰ ਕੀਰਤਨ ਸ਼ੈਲੀਆਂ ਨਾਲੋਂ ਭਿੰਨ ਸੀ। ਗੁਰੂ ਜੀ ਨੇ ਸੰਗੀਤ ਦੇ ਮਾਧਿਅਮ ਨਾਲ ਅਮਨ ਸ਼ਾਂਤੀ ਤੇ ਕਲਿਆਣਕਾਰੀ ਭਾਵਨਾ ਦਾ ਸੰਦੇਸ਼ ਦਿੱਤਾ ਤੇ ਰਬਾਬ ਵਾਦਕਾਂ ਦੀ ਇਹ ਪਰੰਪਰਾ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਰਬਾਬੀ ਨਾਲ ਸ਼ੁਰੂ ਹੋ ਕੇ ਪੰਜ ਪੀੜ੍ਹੀਆਂ ਤੱਕ ਗੁਰੂ ਅਰਜਨ ਦੇਵ ਜੀ ਦੇ ਕਾਲ ਤੱਕ ਬਲਵੰਡ ਤੇ ਸੱਤਾ ਰਬਾਬੀ ਕੀਰਤਨਕਾਰਾਂ ਤੱਕ ਪੀੜ੍ਹੀ ਦਰ ਪੀੜ੍ਹੀ ਚੱਲਦੀ ਰਹੀ।

ਗੁਰੂ ਦਰਬਾਰ ਦੇ ਕੀਰਤਨਕਾਰ ਸੱਤਾ ਤੇ ਬਲਵੰਡ ਨੇ ਧਰੁਪਦ ਗਾਇਕੀ ਦੇ ਅਧਾਰ ਤੇ ਕਈ ਧੁਨਾਂ ਬਣਾ ਕੇ ਗੁਰਬਾਣੀ ਸੰਗੀਤ ਨੂੰ ਲੋਕਪ੍ਰਿਅ ਬਣਾਇਆ। ਸਾਦੂ-ਬਾਦੂ ਨਾਮਕ ਰਬਾਬੀ ਕੀਰਤਨਕਾਰ ਜਿਨ੍ਹਾਂ ਨੂੰ ਗੁਰਬਾਣੀ ਸੰਗੀਤ ਦੀ ਸਿੱਖਿਆ ਆਪਣੇ ਗੁਰੂ ਜਨਾਂ ਤੋਂ ਪ੍ਰਾਪਤ ਹੋਈ, ਇਹਨਾਂ ਨੂੰ ਗੁਰਮਤਿ ਸੰਗੀਤ ਦੀ ਪ੍ਰਥਾ ਨੂੰ ਕਾਇਮ ਰੱਖਣ ਤੇ ਇਸ ਪ੍ਰਥਾ ਦਾ ਵਿਕਾਸ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ।

ਰਬਾਬੀ ਵੰਸ਼ ਵਿਚ ਅਨੇਕ ਪ੍ਰਸਿੱਧ ਸੰਗੀਤਕਾਰ ਹੋਏ ਜੋ ਧਰੁਪਦ, ਧਮਾਰ, ਖਿਆਲ, ਕਵਾਲੀ ਆਦਿ ਗਾਉਣ ਵਿੱਚ ਨਿਪੁੰਨ ਸੀ ਤੇ ਰਬਾਬੀਆਂ ਵਿਚ ਕਈ ਪ੍ਰਸਿੱਧ ਤਬਲਾ ਵਾਦਕ ਵੀ ਹੋਏ ਹਨ। ਉਹਨਾਂ ਨੇ ਆਪ ਕਈ ਪ੍ਰਕਾਰ ਦੀਆਂ ਗਾਇਨ ਸ਼ੈਲੀਆਂ ਸਿੱਖੀਆਂ ਤੇ ਕਈ ਰਚਨਾਵਾਂ ਕੀਤੀਆਂ। ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਦਿੰਦੇ ਹੋਏ ਸ਼ਾਸ਼ਤਰੀ ਸੰਗੀਤ ਵਿਚ ਵੀ ਕਈ ਕੰਮ ਕੀਤੇ।

ਗੁਰਮਤਿ ਸੰਗੀਤ ਵਿਚ ਕੁੱਝ ਹੋਰ ਰਬਾਬੀ ਸੰਗੀਤਕਾਰਾਂ ਦਾ ਯੋਗਦਾਨ ਦਾ ਵਰਨਣ ਇਸ ਪ੍ਰਕਾਰ ਹੈ:-

1. ਭਾਈ ਆਗ਼ਾ ਫਿਆਜ਼- ਭਾਈ ਆਗ਼ਾ ਫਿਆਜ਼ ਦਰਬਾਰ ਸਾਹਿਬ ਵਿਚ ਕੀਰਤਨ ਕਰਦੇ ਸੀ। ਭਾਈ ਆਗਾ ਧਰੁਪਦ, ਖਿਆਲ ਸ਼ੈਲੀਆਂ 'ਚ ਕੀਰਤਨ ਕਰਦੇ ਸੀ ਤੇ ਨਾਲ ਹੀ ਇਹਨਾਂ ਨੇ ਸੰਗੀਤ ਦੀਆਂ ਕਈ ਗਾਇਨ ਸ਼ੈਲੀਆਂ ਦਾ ਵਿਕਾਸ ਕੀਰਤਨ ਵਿਚ ਵੀ ਕੀਤਾ।

2. ਭਾਈ ਮੋਤੀ- ਇਹ ਮੁੱਖ ਰੂਪ ਵਿਚ ਖਿਆਲ ਗਾਇਕ ਸੀ ਤੇ ਕੀਰਤਨ ਵੀ ਇਸੇ ਅੰਗ ਨਾਲ ਕਰਦੇ ਸੀ।

3. ਭਾਈ ਚਾਂਦ- ਇਹ ਪੰਜਾਬ ਦੇ ਸੰਗੀਤਕ ਇਤਿਹਾਸ ਵਿਚ ਉੱਚ ਕੋਟੀ ਦੇ ਸੰਗੀਤਕਾਰ ਹੋ ਚੁੱਕੇ ਹਨ। ਇਨ੍ਹਾਂ ਦੀ ਅਵਾਜ਼ ਬਹੁਤ ਮਧੁਰ ਸੀ ਤੇ ਕਵਾਲੀ ਸ਼ੈਲੀ ਵਿਚ ਕੀਰਤਨ ਕਰਦੇ ਸੀ।

4. ਭਾਈ ਤਾਬਾ- ਆਪ ਜੀ ਨੇ ਭਾਈ ਮੋਤੀ ਤੋਂ ਸੰਗੀਤ ਸਿੱਖਿਆ। ਆਪ ਧਰੁਪਦ ਸ਼ੈਲੀ 'ਚ ਕੀਰਤਨ ਕਰਦੇ ਸੀ। ਆਪ ਦਾ ਕੀਰਤਨ ਸ਼ਾਸਤਰੀ ਸੰਗੀਤ ਤੇ ਅਧਾਰਿਤ ਹੁੰਦਾ ਸੀ।

5. ਭਾਈ ਲਾਲ- ਆਰੰਭ ਵਿੱਚ ਭਾਈ ਲਾਲ ਧਰੁਪਦ ਸ਼ੈਲੀ ਵਿੱਚ ਕੀਰਤਨ ਕਰਦੇ ਸੀ। ਇਹ ਉਨ੍ਹਾਂ ਗਿਣੇ-ਚੁਣੇ ਸੰਗੀਤਕਾਰਾਂ ਵਿਚੋਂ ਸਨ, ਜਿਨ੍ਹਾਂ ਨੇ ਪੰਜਾਬ ਪ੍ਰਦੇਸ ਦੇ ਬਾਹਰ ਵੀ ਸੰਗੀਤ ਦਾ ਪ੍ਰਚਾਰ ਕੀਤਾ ਤੇ ਕਈ ਸ਼ਿਸ਼ ਤਿਆਰ ਕੀਤੇ। ਇਹਨਾਂ ਨੂੰ 'ਫਖਰ ਏ ਪੰਜਾਬ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਸ਼ਾਸਤਰੀ ਸੰਗੀਤ ਦੇ ਕੀਰਤਨ ਤੋਂ ਇਲਾਵਾ ਆਪ ਗਜ਼ਲ, ਕਵਾਲੀ ਆਦਿ ਵਿੱਚ ਵੀ ਨਿਪੁੰਨ ਸੀ।

6. ਭਾਈ ਲਾਲ (ਬਖਸ਼ੀਸ਼)- ਭਾਈ ਲਾਲ ਦਾ ਵਾਸਤਵਿਕ ਨਾਂ ਬਖਸ਼ੀਸ਼ ਸੀ। ਇਨ੍ਹਾਂ ਨੇ ਪੰਜਾਬ ਦੇ ਕਈ ਨਗਰਾਂ ਦੇ ਕਈ ਗੁਰਦੁਆਰਿਆਂ 'ਚ ਸ਼ਾਸਤਰੀ ਸੰਗੀਤ ਤੇ ਆਧਾਰਿਤ ਕੀਰਤਨ ਨਾਲ ਸਭ ਨੂੰ ਆਨੰਦਿਤ ਕੀਤਾ।

7. ਭਾਈ ਸਾਈਂ ਦਿਤਾ- ਇਹਨਾਂ ਦਾ ਜਨਮ ਰਬਾਬੀ ਪਰਿਵਾਰ ਵਿਚ ਹੋਇਆ। ਆਪਨੇ 1914 ਤੋਂ 1938 ਤੱਕ ਸੈਂਟਰਲ ਖਾਲਸਾ ਯਤੀਮ ਖਾਨਾਂ ਅੰਮ੍ਰਿਤਸਰ ਵਿੱਚ ਬੱਚਿਆਂ ਨੂੰ ਸੰਗੀਤ ਸਿੱਖਿਆ ਪ੍ਰਦਾਨ ਕੀਤੀ। ਇਹਨਾਂ ਨੇ ਆਪਣੀ ਸੰਗੀਤ ਸਿੱਖਿਆ ਨੂੰ ਕੀਰਤਨ ਤੱਕ ਹੀ ਸੀਮਤ ਰੱਖਿਆ। ਇਹ ਜਿੰਨਾਂ ਸੁੰਦਰ ਕੀਰਤਨ ਕਰਦੇ ਸਨ ਉਨਾਂ ਸੁੰਦਰ ਤਬਲਾ ਵਜਾਉਂਦੇ ਸੀ।

ਪੰਜਾਬ ਵਿੱਚ ਰਬਾਬੀ ਘਰਾਣਿਆਂ ਦੇ ਅਨੇਕ ਵਸ਼ੰਜ ਹੋਏ ਜਿਨ੍ਹਾਂ ਨੇ ਚੰਗੀ ਪ੍ਰਸਿੱਧੀ ਪ੍ਰਾਪਤ ਕੀਤੀ ਤੇ ਗੁਰਮਤਿ ਸੰਗੀਤ ਵਿੱਚ ਵੱਡਮੁੱਲਾ ਯੋਗਦਾਨ ਪਾਇਆ। ਐਸੇ ਰਬਾਬੀ ਸੰਗੀਤਕਾਰਾਂ ਦੇ ਸਹਿਯੋਗ ਤੋਂ ਹੀ ਕੀਰਤਨ ਨੂੰ ਰਾਗ ਵਿਚ ਬੰਨ੍ਹ ਕੇ ਗਾਉਣ ਦੀ ਪ੍ਰਥਾ ਦਾ ਵਿਕਾਸ ਹੋਇਆ। ਗੁਰੂ ਸਾਹਿਬਾਨ ਤੋਂ ਉਪਰੰਤ ਗੁਰੂ ਸਥਾਨਾਂ ਤੇ ਗੁਰਬਾਣੀ ਦਾ ਕੀਰਤਨ ਇਨ੍ਹਾਂ ਰਬਾਬੀ ਸੰਗੀਤਕਾਰਾਂ ਵਲੋਂ ਹੀ ਕੀਤਾ ਜਾਂਦਾ ਸੀ। ਖਡੂਰ ਸਾਹਿਬ, ਨਨਕਾਣਾ ਸਾਹਿਬ, ਪੰਜਾ ਸਾਹਿਬ, ਦਮਦਮਾ ਸਾਹਿਬ, ਹਰਿਮੰਦਿਰ ਸਾਹਿਬ ਆਦਿ ਸਥਾਨਾਂ ਨਾਲ 'ਰਬਾਬੀ' ਹੀ ਸੰਬੰਧਿਤ ਸਨ ਅਤੇ ਉਨ੍ਹਾਂ ਗੁਰੂ ਘਰਾਂ ਵਿਚ ਇਹ ਗੁਰਬਾਣੀ ਦਾ ਕੀਰਤਨ ਕਰਦੇ ਕਿਉਂਕਿ ਇਹ ਰਬਾਬੀ ਪੀੜ੍ਹੀ ਦਰ ਪੀੜ੍ਹੀ ਆਏ ਸਨ। ਇਸ ਕਰਕੇ ਗੁਰਬਾਣੀ ਕੀਰਤਨ ਵਿਚ ਖਾਸ ਕਾਬਲੀਅਤ ਹਾਸਿਲ ਕਰ ਲਈ ਸੀ। ਇਹਨਾਂ ਨੇ ਆਪਣੀ ਕੀਰਤਨ ਸੇਵਾ ਦੁਆਰਾ ਕੀਰਤਨ ਦੀਆਂ ਉੱਚ ਪਰੰਪਰਾਵਾਂ ਨੂੰ ਕਾਇਮ ਰੱਖਿਆ ਤੇ ਕੀਰਤਨ ਦੇ ਅਮੀਰ ਵਿਰਸੇ ਵਿਚ ਯੋਗਦਾਨ ਪਾਇਆ। ਸ੍ਰੀ ਦਰਬਾਰ ਸਾਹਿਬ ਵਿੱਚ ਕੁੱਲ 15 ਚਉਂਕੀਆਂ ਦੀ ਕੀਰਤਨ ਮਰਯਾਦਾ ਚਲੀ ਆ ਰਹੀ ਹੈ। ਜਿਸ ਵਿਚ ਚਉਂਕੀਆਂ ਰਾਗੀਆਂ ਦੀਆਂ ਤੇ ਚਉਂਕੀਆਂ ਰਬਾਬੀਆਂ ਦੀਆਂ ਹੁੰਦੀਆਂ ਸਨ। ਅੱਜ ਵੀ ਗੁਰੂ ਗਾਥਾਵਾਂ ਵਿਚ ਰਬਾਬੀ ਸੰਗੀਤਕਾਰਾਂ ਦਾ ਨਾਮ ਅਦਬ ਨਾਲ ਲਿਆ ਜਾਂਦਾ ਹੈ।

# ਰਾਗੀ ਰਤਨ ਮਾਲਾ

## ਭਾਈ ਕਰਮ ਸਿੰਘ ਰਤਨ

3121, ਗਲੀ ਨੰ: 3, ਨਿਊ ਸ਼ਿਮਲਾ ਕਲੋਨੀ, ਨੇੜੇ ਕੈਲਾਸ਼ ਨਗਰ, ਲੁਧਿਆਣਾ 141 007

ਗਾ ਲੈ ਮਨਾਂ ਤੂੰ ਵੀ ਉਠ, ਪਿਆਰੇ ਪਿਆਰੇ ਰਬ ਜੀ ਨੂੰ,
ਜਿਨ੍ਹ ਜਿਨ੍ਹ ਗਾਇਆ, ਓਹਨੂੰ ਓਸੇ ਓਸੇ ਪਾਇਆ ਹੈ।
ਪ੍ਰਭੂ ਨਾਲ ਜਿਸ ਜਿਸ ਬੰਦੇ ਨੇ ਵੀ ਪ੍ਰੇਮ ਕੀਤੈ
ਸਚ ਜਾਣੋਂ ਪ੍ਰਭੂ ਪ੍ਰੇਮ, ਓਸੇ ਨੇ ਹੀ ਪਾਇਆ ਹੈ
ਇਕ ਮਨ ਹੋ ਕੇ ਤੂੰ ਵੀ ਧਿਆ ਲੈ ਮਨਾ ਵਾਹਿਗੁਰੂ
ਜਿਨ ਜਿਨ ਧਿਆਇਆ ਉਹਨੂੰ ਓਸੇ ਓਸੇ ਪਾਇਆ ਹੈ।
ਗੁਰੂ ਦੀ ਤੂੰ ਸੇਵਾ ਕਰ, ਮਨੋ ਨਿਸ਼ਕਾਮ ਹੋ ਕੇ
ਜਿਸ ਕੀਤੀ ਸੇਵਾ, ਗੁਰੂ ਓਸੇ ਘਰ ਆਇਆ ਹੈ। –1

ਜਿਨ੍ਹਾਂ ਪ੍ਰਭੂ ਪਾਉਣਾ ਹੋਵੇ, ਗਾਉਂਦੇ ਓਹੀ ਨਿਤ ਉਠ
ਕਰ ਇਸ਼ਨਾਨ ਸੁਬਾ ਪ੍ਰਭੂ ਜੀ ਨੂੰ ਧਿਆਉਂਦੇ।
ਪ੍ਰਭੂ ਜੀ ਨੂੰ ਗਾਉਣ ਵਾਲੇ, 'ਅਗ, ਪਾਣੀ, ਹਵਾ, ਸਾਰੇ
ਚਿਤ੍ਰ ਗੁਪਤ, 'ਧਰਮ ਰਾਜ, ਸਭੀ ਮਿਲ ਗਾਉਂਦੇ।
ਇੰਦ੍ਰ ਅਤੇ ਦੇਵ ਸਭ ਬ੍ਰਹਮਾ, ਸ਼ਿਵ, ਵਿਸ਼ਨੂੰ ਜੀ,
ਜਤੀ ਸਤੀ ਰਿਸ਼ੀ ਬੀਰ, ਜੋਧ ਮਿਲ ਗਾਉਂਦੇ।
ਅਠਸਠ ਤੀਰਥ, ਖੰਡ ਮੰਡਲ, ਬ੍ਰਹਮੰਡ ਸਾਰੇ
ਹਨੂੰਮਾਨ ਤੇ ਸੁਰਸਤੀ ਪੂਰਾ ਤਾਣ ਲਾ ਕੇ ਗਾਂਵਦੇ। –2

ਗੰਧ੍ਰਬ ਅਤੇ ਨਾਰਦ, ਸ੍ਵਰਗ ਵਿਚ ਰਹਿ ਕੇ ਸਦਾ
ਦੇਵਤਿਆਂ ਨੂੰ ਹਰ ਜਸ ਕੀਰਤਨ ਸੁਣਾਂਵਦੇ।
ਹਰੀਦਾਸ ਸਵਾਮੀ 'ਬੈਜੂ ਬਾਵਰਾ' ਤੇ 'ਤਾਨਸੈਨ',
ਗੁਲਾਮ ਅਲੀ, ਭੀਮਸੈਨ, ਸੋਹਣ ਸਿੰਘ ਗਾਂਵਦੇ।
ਪੰਡਤ 'ਜਸ ਰਾਜ' ਤੇ 'ਖਾਨ 'ਅਮੀਰ ਖਾਂਨ'
'ਵਿਨਾਇਕ ਰਾਏ' ਪੰਡਿਤ ਅਤੇ 'ਭਾਤ ਖੰਡੇ' ਗਾਂਵਦੇ।
ਮੁਹੰਮਦ ਰਫ਼ੀ, ਮਨਾਂਡੇ, ਮੁਕੇਸ਼ ਅਤੇ ਆਸ਼ਾ, ਲਤਾ,
ਮਹਿੰਦਰ ਸਿੰਘ ਅੰਮ੍ਰਿਤਸਰ ਠੁਮਰੀ ਸੁਣਾਂਵਦੇ। –3

ਰੀਤ ਚਲਾਈ ਗੁਰੂ ਨਾਨਕ ਜੀ ਨੇ ਕੀਰਤਨ ਦੀ,
ਭਾਈ ਮਰਦਾਨਾ ਜੀ, ਰਬਾਬ ਲੈ ਕੇ ਗਾਂਵਦੇ।
ਗੁਰੂ ਦਰਬਾਰ ਵਿਚ, 'ਸੱਤਾ' 'ਬਲਵੰਡ' ਰਾਗੀ
'ਰਜ਼ਾਦਾ' ਅਤੇ 'ਤਾਬਾ' ਭਾਈ 'ਚਾਂਦ' ਜੀ ਵੀ ਗਾਂਵਦੇ।
'ਗੁਰਮੁਖ ਸਿੰਘ ਫ਼ਕਰ ਅਤੇ ਧਰਮ ਸਿੰਘ ਜ਼ਖਮੀ ਜੀ,

ਮੋਹਨ ਪਾਲ, ਪ੍ਰਿਥਪਾਲ, ਤਾਨ ਮਿਲ ਗਾਂਵਦੇ।
ਪਾਲ ਜਸਵੰਤ ਮਿਲ ਗਾਉਣ ਸਦਾ ਤਾਣ ਲਾ ਕੇ
ਜੋਗਿੰਦਰ ਗੁਰਬਚਨ ਮਿਲ ਪਟਨੇ ਚ ਗਾਂਵਦੇ। -4
ਅਲਮਸਤ ਗਿਆਨ ਸਿੰਘ ਪੰਥ ਦੇ ਗੰਧ੍ਰਬ ਰਾਗੀ
'ਸਮੁੰਦ ਸਿੰਘ' ਸਮੁੰਦਰ ਵਾਂਗ ਡੂੰਘੀ ਸੁਰ ਲਾਂਵਦੇ।
ਰਾਗ ਗੀਤ, 'ਸੰਤਾ ਸਿੰਘ' ਕੰਵਲ ਅਤੇ ਚਮਕ ਸਾਰੇ
ਭਾਈ ਸੁਰਜਨ ਸਿੰਘ ਵੀ ਰੈਣ ਸਬਾਈ ਗਾਂਵਦੇ।
ਸੰਤ ਸੁਜਾਨ ਸਿੰਘ ਬਹਾਦਰ ਸਿੰਘ ਰਾਮ ਸਿੰਘ
ਨਾਨਕਸਰ ਕਲੇਰਾਂ ਵਾਲੇ, ਬਾਣੀ ਖ਼ੂਬ ਗਾਂਵਦੇ।
ਸੰਤ ਬਾਬਾ ਮੋਹਨ ਸਿੰਘ ਕੀਰਤਨ ਗੜ, ਕਾਨਪੁਰ
ਕਲਾਸੀਕਲ ਪੁਰਾਤਨ ਗੀਤ ਸੁੰਦਰ ਸੁਰ ਗਾਂਵਦੇ। -5

'ਈਸ਼ਰ ਸਿੰਘ ਮਸਕੀਨ' ਜੋ ਕੇ ਸਾਡੇ ਪਿਤਾ ਸਨ
ਪੁਰਾਤਨ ਰਾਗ ਗੀਤ ਜੋ ਕਲਾਸੀਕਲ ਗਾਂਵਦੇ।
ਕਾਨਪੁਰ ਵਾਲੇ ਮਾਸਟਰ ਸੁਰਜੀਤ ਸਿੰਘ ਦਰਦੀ ਜੀ
ਗਵਾਲੀਅਰ ਘਰਾਣੇ ਦੀ ਗਾਇਕੀ ਖ਼ੂਬ ਗਾਂਵਦੇ।
ਜਸਪਾਲ ਸਿੰਘ ਅੰਮ੍ਰਿਤਸਰੀ, ਰਣਜੀਤ ਸਿੰਘ ਕਰਨਾਲ ਵਾਲੇ
ਅਰਵਿੰਦਰ ਪਾਲ ਬਾਰਾਂਮੂਲਾ ਬਹੁਤ ਮਿਠਾ ਗਾਂਵਦੇ।
ਮਾਨ ਸਿੰਘ ਪੰਛੀ ਵੀ, ਪੰਛੀ ਦੀ ਉਡਾਣ ਵਾਂਗ
ਉਤਮ ਸਿੰਘ ਪਤੰਗ ਵੀ, ਆਕਾਸ਼ੀ ਲੈਹਰਾ ਲਾਂਵਦੇ। -6

ਭਾਈ ਪਿਆਰਾ ਸਿੰਘ ਜੀ ਮਿਠੀ ਮਿਠੀ ਗੀਤ ਨਾਲ
ਹਰਮੰਦਰ ਸਾਹਿਬ ਬੈਠ ਕੇ ਸੰਗਤ ਝੁਮਾਂਵਦੇ।
ਕਰਤਾਰ ਸਿੰਘ ਪ੍ਰਵਾਨਾ, ਜੋ ਸੀ ਸੁਰ ਦਾ ਖਜ਼ਾਨਾ
ਬੰਗਾਲ ਵਿਚ ਜਾ ਦੇ ਸਾਰੀ ਦੁਨੀਆਂ ਲੁਭਾਂਵਦੇ।
ਡੁਮੇਲੀ ਵਾਲੇ ਸੰਤ ਸਵਰਣ ਸਿੰਘ ਗੰਧ੍ਰਬ ਜੀ
ਬੱਚਿਆਂ ਨੂੰ ਹਰਜਸ ਕੀਰਤਨ ਸਿਖਾਂਵਦੇ।
ਰਾਗੀਆਂ 'ਚੋਂ ਰਾਗੀ ਸੀਗਾ; ਭਾਈ ਸੰਤੋਖ ਸਿੰਘ ਜੀ
ਰਾਗ ਅਤੇ ਸੰਗੀਤ ਨਾਲ ਸਭ ਨੂੰ ਹੀ ਭਾਂਵਦੇ। -7

ਅਵਤਾਰ ਸਿੰਘ, ਗੁਰਚਰਨ ਸਿੰਘ, ਪ੍ਰਤਾਪ ਸਿੰਘ ਦਿਲੀ ਵਾਲੇ
ਪੁਰਾਤਨ ਰਾਗ ਗੀਤ ਜਿਨ ਖ਼ੂਬ ਢੰਗ ਗਾਇਆ ਸੀ।
ਅਰਜਨ ਸਿੰਘ ਪ੍ਰੋਫੈਸਰ ਤੇ ਕਲਿਆਣ ਸਿੰਘ ਲਖਨਵੀ
ਬਖਸ਼ੀਸ਼ ਸਿੰਘ ਪਟਿਆਲਾ ਨੇ ਰਾਗ ਗੀਤ ਗਾਇਆ ਸੀ।
ਕਰਤਾਰ ਸਿੰਘ ਪਟਿਆਲਾ, ਅਜੀਤ ਸਿੰਘ ਅੰਬਾਲਾ ਵਾਲੇ,
ਜਗਜੀਤ ਸਿੰਘ ਲਖਨਊ ਨੇ ਸੁਰ ਵਿਚ ਗਾਇਆ ਸੀ।
ਰਜਿੰਦਰ ਸਿੰਘ ਸਿੰਘਾਪੁਰੀ, ਪ੍ਰਿਥੀਪਾਲ ਮਹੂ ਵਾਲੇ,
ਗੁਰਨਾਮ ਸਿੰਘ ਸੀਸਗੰਜ, ਸੁਰ ਵਿਚ ਗਾਇਆ ਸੀ। -8

ਭਾਈ ਚਤਰ ਸਿੰਘ ਸਿੰਧੀ, ਥਾਵਰ ਚਰਨਜੀਤ
ਜਸਬੀਰ ਸਿੰਘ ਦਿਲੀ ਨੇ ਗਾਇਆ ਬਹੁਤ ਮਿਠਾ ਹੈ।
ਸਰਬਜੀਤ ਰੰਗੀਲਾ ਅਤੇ ਸਰਬਜੀਤ ਅੰਮ੍ਰਿਤਸਰ,
ਨਰਿੰਦਰ ਸਿੰਘ, ਨਿਰਮਲ ਸਿੰਘ ਤੋਂ ਰਾਗ ਗੀਤ ਡਿੱਠਾ ਹੈ।
ਗੀਤਾਂ ਦੇ ਬਾਦਸ਼ਾਹ, ਭਾ. ਅੰਗਦ ਸਿੰਘ ਦਿਲੀ ਵਾਲੇ,
ਹਰਜਿੰਦਰ ਸਿੰਘ ਸਿਰੀ ਨਗਰ ਦਾ ਕੀਰਤਨ ਮਿਠਾ ਹੈ।
ਗੁਰਮੇਜ ਸਿੰਘ, ਗੁਰਮੇਲ ਸਿੰਘ, ਰਵਿੰਦਰ ਸਿੰਘ ਅੰਮ੍ਰਿਤਸਰ
ਦਿਲਬਾਗ ਗੁਲਬਾਗ ਤੋਂ ਮੈਂ ਰਾਗ ਅਖੀਂ ਡਿੱਠਾ ਹੈ। -9

ਜਾਗੀਰ ਸਿੰਘ ਡਾਕਟਰ ਜੀ ਨੇ ਅੰਮ੍ਰਿਤ ਕੀਰਤਨ ਛਾਪ ਕੇ
ਤੇ ਸੰਗੀਤ ਦੇ ਪ੍ਰਚਾਰ ਦਾ ਢੰਗ ਸੋਹਣਾ ਹੀ ਚਲਾਇਆ ਹੈ।
ਡਾਕਟਰ ਗੁਰਨਾਮ ਸਿੰਘ ਪਟਿਆਲਾ ਯੂਨੀਵਰਸਿਟੀ ਨੇ
ਕਲਾਸੀਕਲ ਰਾਗ ਸਭ ਬੱਚਿਆਂ ਨੂੰ ਸਿਖਾਇਆ ਹੈ।
ਪ੍ਰੋਫੈਸਰ ਪ੍ਰਤਾਪ ਸਿੰਘ ਬਲਦੇਵ ਸਿੰਘ ਪ੍ਰਿੰਸੀਪਲ
ਕਲਾਸੀਕਲ ਰਾਗ ਗੀਤ ਖੂਬ ਮਿਲ ਗਾਇਆ ਹੈ।
ਇੰਦਰਜੀਤ ਸਿੰਘ ਨੂਰ ਤੇ ਮਿਲਾਪ ਸਿੰਘ ਦਿਲੀ ਵਾਲੇ
ਗਿਆਨ ਸਿੰਘ ਜੋਗੀ ਖੂਬ ਉਚੇ ਸੁਰ ਗਾਇਆ ਹੈ। -10

ਸਾਧੂ ਸਿੰਘ ਡੇਹਰਾਦੂਨ ਤੇ ਕੰਵਰ ਪਾਲ ਸਿੰਘ ਜੀ ਨੇ
ਹਰਬੰਸ ਸਿੰਘ ਜਗਾਧਾਰੀ ਨੇ ਆਪਣੇ ਢੰਗ ਗਾਇਆ ਹੈ।
ਬਲਵਿੰਦਰ ਰੰਗੀਲਾ ਤੇ ਦਵਿੰਦਰ ਸੋਢੀ ਸਾਖੀ ਕਰ
ਸੁਖਨੰਦਨ ਤੇ ਇੰਦਰ ਨਾਲ ਕਥਾ ਦੇ ਲੁਭਾਇਆ ਹੈ।
ਪ੍ਰੋਫੈਸਰ ਦਰਸ਼ਨ ਸਿੰਘ ਜੀ ਨੇ ਆਪਣੇ ਹੀ ਰੰਗ ਵਿਚ
ਵਿਆਖਿਆ ਦਾ ਢੰਗ ਬਹੁਤ ਸੋਹਣਾ ਹੀ ਨਿਭਾਇਆ ਹੈ।
ਜਲੰਧਰ ਵਾਲੇ ਭਾਈ ਗੁਰਮੀਤ ਸਿੰਘ ਸ਼ਾਂਤ ਜੀ ਨੇ
ਸ਼ਾਂਤੀ ਦੇਣ ਵਾਲਾ ਰਾਗ ਬਹੁਤ ਮਿਠੇ ਢੰਗ ਗਾਯਾ ਹੈ। -11

ਸੁਰਿੰਦਰ ਤੇ ਜੁਗਿੰਦਰ ਮਹਿੰਦਰ ਹਜ਼ੂਰ ਸਾਹਿਬ ਵਾਲਿਆਂ ਨੇ
ਦਸਮ ਗੁਰੂ ਗ੍ਰੰਥ ਸਾਹਿਬ ਖੂਬ ਮਿਲ ਗਾਇਆ ਹੈ।
ਅਮਰਜੀਤ ਕੌਰ ਦਿਲੀ ਹਰਜੀਤ ਕੌਰ ਜਗਾਧਰੀ ਨੇ
ਮੀਰੀ ਪੀਰੀ ਬੱਚਿਆਂ ਨੇ ਖੂਬ ਉਚੇ ਸੁਰ ਗਾਇਆ ਹੈ।
ਮਹਿੰਦਰ ਜੀਤ ਸਿੰਘ ਅਤੇ ਨਾਨਕ ਸਿੰਘ ਪ੍ਰੀਤ ਜੀ ਨੇ
ਮੋਹਨ ਸਿੰਘ ਬੰਬੇ ਨੇ ਵੀ ਕੀਰਤਨ ਸਜਾਇਆ ਹੈ।
ਸੁਰਜਨ ਸਿੰਘ ਲਖਨਵੀ ਤੇ ਗੁਰਮੀਤ ਸਿੰਘ ਜੋਸ਼ ਜੀ ਨੇ
ਤਬਲਾ ਵਜਾ ਕੇ ਸਾਰੇ ਜੱਗ ਨੂੰ ਲੁਭਾਇਆ ਹੈ। -12

ਭਾਈ ਬਲਬੀਰ ਸਿੰਘ ਅੰਮ੍ਰਿਤਸਰ ਵਾਲਿਆਂ ਨੇ
ਪੁਰਾਤਨ ਰਾਗ ਗੀਤ ਦੀ ਨਿਰਾਲੀ ਸ਼ਾਨ ਪਾਈ ਹੈ।

ਭਾਈ ਮਹਿੰਦਰ ਸਿੰਘ ਜੀ ਨੇ ਤਬਲਾ ਵਜਾ ਕੇ ਸੋਹਣਾ
ਪਖਾਵਜ਼ ਵਜਾ ਕੇ ਬਹੁਤ ਉਚੀ ਸ਼ਾਨ ਪਾਈ ਹੈ।
ਪੁਰਾਣੇ ਉਸਤਾਦ ਸਨ ਉਤਮ ਸਿੰਘ ਨਿਹਾਲ ਸਿੰਘ
ਜਿਨ੍ਹਾਂ ਤਬਲਾ ਵਜਾ ਕੇ ਜਗਾਹ ਆਪਣੀ ਬਣਾਈ ਹੈ।
ਤ੍ਰਿਲੋਕ ਸਿੰਘ ਮਸਤਾਨ ਸਿੰਘ ਪਲਵਿੰਦਰ ਪਾਲ ਸਿੰਘ ਭੋਲਾ ਜੀ ਨੇ
ਕ੍ਰਿਪਾਲ ਸਿੰਘ ਉਸਤਾਦ ਨੇ ਆਪਣੀ ਸ਼ਾਨ ਪਾਈ ਹੈ। −13

ਤ੍ਰਿਲੋਚਨ ਸਿੰਘ ਸੀਸ ਗੰਜ, ਚਮਨ ਲਾਲ ਦਿਲੀ ਵਾਲੇ
ਸੁਨੀਲ ਅਰੋੜਾ ਵੀ ਗਾਈ ਧੁਰ ਕੀ ਬਾਣੀ ਹੈ।
ਅਨੂਪ ਸਿੰਘ ਊਨਾ ਅਤੇ ਅਮ੍ਰੀਕ ਸਿੰਘ ਜ਼ਖਮੀ ਨੇ
ਸੋਹਨ ਸਿੰਘ ਰਸੀਆਂ ਨੇ ਰਸੀਲੀ ਗਾਈ ਬਾਣੀ ਹੈ।
ਹਰਚਰਨ ਸਿਘ ਫ਼ਕਰ ਕ੍ਰਿਪਾਲ ਸਿੰਘ ਪਟਿਆਲਾ ਵਾਲੇ,
ਮਨਜੀਤ ਸਿੰਘ ਅੰਮ੍ਰਿਤਸਰ ਮਿਲ ਗਾਈ ਧੁਰ ਕੀ ਬਾਣੀ ਹੈ।
ਉਤਮ ਸਿੰਘ ਅਤੇ ਭਾਈ ਹਰੀ ਸਿੰਘ ਅੰਮ੍ਰਿਤਸਰ
ਦਰਬਾਰ ਸਾਹਿਬ ਬੈਠ ਕੇ ਤੇ ਗਾਈ ਧੁਰ ਕੀ ਬਾਣੀ ਹੈ। −14

ਅਵਤਾਰ ਸਿੰਘ ਆਜਜ਼ ਹਰਨਾਮ ਸਿੰਘ ਸ੍ਰੀ ਨਗਰ
ਅਜਮੇਰ ਸਿੰਘ ਚੰਦਨਾ ਨੇ ਵੀ ਮਿਠੀ ਸੁਰ ਗਾਈ ਹੈ।
ਹਰਦਿਆਲ ਸਿੰਘ ਰਕਾਬ ਗੰਜ ਮਹਿੰਦਰ ਸਿੰਘ ਪਾਉਂਟਾ ਵਾਲੇ
ਜਿਨਾਂ ਬਚਿਆਂ ਨੂੰ ਕੀਰਤਨ ਦੀ ਵਿਦਿਆ ਸਿਖਾਈ ਹੈ।
ਜਸਬੀਰ ਸਿੰਘ ਪਾਉਂਟਾ ਵਾਲੇ ਜਸਵੰਤ ਸਿੰਘ ਅੰਮ੍ਰਿਤਸਰ
ਇਹਨਾਂ ਨੇ ਵੀ ਕੀਰਤਨ ਦੀ ਮਿਠੀ ਧੁਨ ਲਾਈ ਹੈ।
ਜਗਜੀਤ ਸਿੰਘ ਕੋਮਲ, ਕ੍ਰਿਪਾਲ ਸਿੰਘ ਅੰਮ੍ਰਿਤਸਰ
ਪ੍ਰੋਫੈਸਰ ਚਰਨਜੀਤ ਜੀ ਨੇ ਮਿਠੀ ਬਾਣੀ ਗਾਈ ਹੈ। −15

ਬਲਬੀਰ ਸਿੰਘ ਅੰਮ੍ਰਤਸਰ, ਭੁਪਿੰਦਰ ਸਿੰਘ ਪਾਰਸ ਜੀ ਨੇ
ਬਲਬੀਰ ਸਿੰਘ ਚੰਡੀਗੜ੍ਹ ਨੇ ਕੀਰਤਨ ਸੁਣਾਇਆ ਹੈ।
ਬਲਕਾਰ ਸਿੰਘ ਮੁਲਤਾਨੀ, ਗੁਰਚਰਨ ਸਿੰਘ ਰਸੀਆ ਨੇ
ਕਰਤਾਰ ਸਿੰਘ ਨਨਕਾਣੀਏ ਨੇ ਖ਼ੂਬ ਰਾਗ ਗਾਇਆ ਹੈ।
ਸੁਣ ਸੁਣ ਸਾਰਿਆਂ ਨੂੰ 'ਰਤਨ' ਮਨ ਜਾਗ ਪਿਆ
ਤੂੰ ਵੀ ਮਨਾਂ ਗਾ ਲੈ ਜੋ ਕੇ ਸਾਰਿਆਂ ਨੇ ਗਾਇਆ ਹੈ।
ਸਾਰਿਆਂ ਹੀ ਰਾਗੀਆਂ ਦੇ ਜੂਠੇ ਭੋਰੇ ਚੁਣ ਚੁਣ
ਭਾ. ਕਰਮ ਸਿੰਘ ਜੀ ਨੇ ਇਹ 'ਰਤਨ' ਬਣਾਇਆ ਹੈ। −16

# AMRITVELA SACH NAON VADIAI VICHAR
# PRIYA PEKHI DRISHT PAYE SAGAL NIDHAN

**Bhagwant Singh Dalawari**

Tapovan, Amaravati 444 602
Maharashtra

The fact that our Gurus recognised God as Lord of the Univirse and for the devotees, as husband of the devotee-wife. The term *Suhagin* and *Duhagin* are freely used in Guru Granth Sahib to denote the loving faithful wife and the separated wilfully obstinate spouse. The beauty of these expressions is that a devotee clearly understands the significance of the love of the Lord.

*Amritvela* is the best time to receive love and express devotion since, in Guru Nanak's *Japujee*, it is made clear that if we want to have a look at the *Darbar* of the Lord and if we want that our Lord should love us, we must ponder over the majesty of the Lord at *Amritvela* through His *Naam*. When I dwelt on the following *Shabad* of Guru Arjan (GGS, p. 372), I stood still in appreciating the detailed analysis of the grace of the Lord on the devotee sighified by the husband's embrace of love for the spouse. The shabad is:

***Gun Avgun Mero Kachhu Na Bicharo.***

***Neh Dekhio Roop Rang Sigaro.***

I began to look into myself, my sinful life, my disobedient traits, my faithful conduct as a Sikh and ponder over the Guru's bounties. I was a wretched worldly man engulfed by Maya, addicted to worldly pursuits and was literally reduced to mentally and physically bed-ridden state. I would have thought that this would be my state until my death, but the Lord showed grace on 10th October 1970 in Gurdwara Bangla Sahib night-long kirtan through this hymn:

***Je Toun Mittar Asadara Ik Bhori Na Vichchor.***

and in one instant I became hale and hearty. I now literally feel that "my husband did not care to scrutinise my merits and demerits, nor did he examine my beauty or qualification and, in fact, he did not care to ascertain my capabilities: he just took me by hand took me to his refuge". And I now literally go on telling my friends, my satsangis: Look and listen, my fellow-brides, my husband has accepted me. And, by graciously keeping his hand on my head, has surprised everyone. What do these ignorant people know?" I marvel at my state in pre-10th Oct

1970 days and realise how helpless I was and I ponder over his large-heartedness and grace with which, for the last 32 years, he has been residing in my heart. I was a complete dud, he dictated to me innumerable articles in Punjabi and English and he got printed books in my name, he forced others to recognise his bride by conferring Awards and Honours, he took me to various places in the country to talk of him and tell others about his greatness, about his infinite power to forgive, about his limitless willingness to bear my sins, about his omniscience, his omnipotence and he made me free, totally free through his dictates in Guru Granth Sahib. In reality, I now go on telling the world that *Slavery of Guru Granth Sahib Is The Greatest Liberation On Earth*. "Yes, I feel like a new bride entrenched in the love of my spouse, because with his embrace I now am rid of all kinds of pain. Now my whole body, heart and mind are saturated with the glory of my Lord and I remain, day in and day out, in bliss in the company of my sweet-heart, My Lord. I now feel bedecked with ceremonial loving apparel and all kinds of ornaments and flowers."

How did this happen? In fact, for many days I felt separated on account of my own inadequacies and could not even enjoy the love of my Lord at amritvela. What happened? Nothing *Drisht*. Nothing that I could see. But I recorded in my heart the sweetness of his touch, of his kindly looks, of his wonderful presence. That is why I have said-

***Priya Pekhi Drisht Paye Sagal Nidhan.***

It seemed that he looked into me, within, into my eyes and into my whole body and I felt myself the Master of the world. All the treasures of the world I found within, only through his kindly sight. Then I felt: "I am no longer afraid of or even concerend with the designs of my enemies in the five mighty thieves."

As I live through this shabad and realise the sweetness of my Master's loving grip, the feeling of a devoted dride overpowers me. Surely when my Master is all-knowing, all-loving and all-powerful, what want can I have. Then I note the meaning of the Guru's words: *Sadd Khushian Sada Rang Maane* and loudly acknowledge: "Yes, I perpetually reamin in harmonious love and enjoy his loving presence and I find that the nine treasures *Naunidhi* are found in me within and I remain always contented."

In one shabad Guru had said:

***Jaye Puchcho Suhagini Vahe Kini Baati Sauh Paiye.***

***Jo Kichckare Sau Bhala Kar Maniye.***

and had himself replied:

***Jo Kichckare Sau Bhala Kar Maniye, Hikmat Hukan Chukayiye.***

But my case is different. I was disobedient, did not know anything. On the contrary I was an insolent *Duhagin*. But I am greatfully astonishe to note the truth of Guru's last assertion *Kaho Nanak Jau Pire Sigari, Thir Sohagan Sang Bhatari*. I literally find myself in this position. Ugly, shattered, insolent, mannerless, friendless and uncared for, as I was, I now find that "the Lord Himself has showered his grace in my embellishment and since he is my husband, I am now a perpetual *Suhagin* living always with my husband."

Indeed I have never seen PAIN since 10th October, 1970 except the pain of separation, which, perhaps, my husband gives intentionally, perhaps to play with me or make me relish the love that he shows after remaining hidden. Or perhaps he wants me to appreciate the pining that our Gurus and Bhaktas felt when they said: *Ik Ghari Dinas Mokau Bahaut Dihaare* or ***Ajj Na Suti Kant Sion, Ang Mure Mur Jaye.*** We can see: ***Gur Bani Kahe Sevak Jan Maane Partakh Guru Nistaare.***

# ਸੁਰ ਲਿਪੀਆਂ

ਭਾਈ ਸੁਖਵੰਤ ਸਿੰਘ

ਜਵੱਦੀ ਟਕਸਾਲ, ਲੁਧਿਆਣਾ

**ਰਾਗੁ ਕੇਦਾਰਾ:**

**ਅਰੋਹ** : ਸ ਮ, ਮ ਪ, ਧ ਪ, ਨੀ ਧ ਸਂ। **ਅਵਰੋਹ** : ਸਂ ਨੀ ਧ ਪ, ਮੇ ਪ ਧ ਪ ਮ, ਰੇ ਸ।

**ਸੁਰ** : ਦੋਨੋਂ ਮਧਿਅਮ, ਬਾਕੀ ਸਾਰੇ ਸ਼ੁੱਧ, ਅਰੋਹ ਵਿੱਚ ਰਿਸ਼ਭ ਅਤੇ ਗੰਧਾਰ, ਅਵਰੋਹ ਵਿਚ ਗੰਧਾਰ ਵਰਜਿਤ **ਵਾਦੀ** : ਮਧਿਅਮ **ਸੰਵਾਦੀ** : ਸ਼ੜਜ

**ਥਾਟ** : ਕਲਿਆਣ **ਜਾਤੀ** : ਔੜਵ-ਸ਼ਾੜਵ **ਸਮਾਂ** : ਰਾਤ ਦਾ ਪਹਿਲਾ ਪਹਿਰ

**ਮੁੱਖ ਅੰਗ** : ਸ, ਮ, ਮ ਪ, ਧ ਪ ਮ, ਪ ਮ, ਰੇ ਸ।

**ਸੁਰ ਵਿਸਥਾਰ** :1. ਸ, ਸ ਰੇ ਸ, .ਨੀ .ਧ .ਪ, ਮੇ .ਪ .ਮ, .ਪ .ਧ .ਪ .ਨੀ .ਧ ਸ, ਰੇ ਸ, ਸ ਮ ਮ ਪ, ਮੇ ਪ ਧ ਪ ਮ, ਮੇ ਪ ਮ, ਰੇ ਸ।

2. ਮ ਮ ਪ, ਮੇ ਪ ਧ ਪ ਮ, ਪ ਧ ਪ ਨੀ ਧ ਸਂ, ਸਂ ਰੇਂ ਸਂ, ਸਂ ਮਂ ਮਂ ਪਂ, ਮੇ ਪਂ ਮਂ, ਸਂ ਰੇਂ ਸਂ, ਸਂ ਨੀ ਧ ਪ, ਧ ਪ ਮੇ ਪ ਮ, ਸ ਰੇ ਸ।

**ਤਾਲ: ਮਤ ਤਾਲ 9 ਮਾਤਰਾ**

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| *ਸਥਾਈ :* | | | | | | | | |
| ਸ | ਸ | ਮ | ਮ | ਪ | ਪ | ਮੇਪ | ਧਪ | ਮ |
| ਮਾ | ਈ | ਸੰ | ਤ | ਸੰ | ਗ | ਜਾS | SS | ਗੀ |
| ਮਮ | ਮਮ | ਪ | ਪ | ਮੇਪ | ਧਪ | ਮ | ਸਰੇ | ਸ |
| ਪ੍ਰਿਅ | ਰੰਗ | ਦੇ | ਖੈ | ਪ੍ਰਿਅ | ਰੰਗ | ਦੇ | ਖੈS | S |
| ਸਂਸਂ | ਸਂਨੀ | ਧਧ | ਪਪ | ਮੇਪ | ਧਪ | ਮ | ਰੇ | ਸ |
| ਜਪ | ਤੀS | ਨਾS | ਮਨਿ | ਧਾS | SS | ਨੀ | S | S |
| *ਅੰਤਰਾ :* | | | | | | | | |
| ਪਪ | ਪਪ | ਨੀਧ | ਸਂ | ਰੇਂ | ਮਂਮਂ | ਰੇਂਰੇਂ | ਸਂਰੇਂ | ਸਂ |
| ਦਰ | ਸਨ | ਪਿਆ | ਸ | ਲੋ | ਚਨ | ਤਾਰ | ਲਾ | ਗੀ |
| ਸਂਸਂ | ਸਂਨੀ | ਧਧ | ਪਪ | ਮੇਪ | ਧਪ | ਮ | ਰੇ | ਸ |
| ਬਿਸ | ਰੀS | ਤਿਆ | ਸਬਿ | ਡਾS | SS | ਨੀ | S | S |

ਸ਼ਬਦ ਦੀ ਸਮਾਪਤੀ ਤੀਨ ਤਾਲ ਤੋਂ।

**ਤਾਲ: ਤੀਨ ਤਾਲ 16 ਮਾਤਰਾ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | | *ਸਥਾਈ :* | | ਸ | ਸ |
| | | | | | | | | | | | | | | ਮਾ | ਈ |
| ਮ | ਮ | ਮ | ਮ | ਪ | ਪ | - | - | ਮੇ | ਪ | ਧ | ਪ | ਮ | ਮ | ਮ | ਸ |
| ਸੰ | S | S | ਤ | ਸੰ | ਗ | S | S | ਜਾ | S | S | S | ਗੀ | ਮਾ | S | ਈ |
| ਮ | ਮ | ਪ | ਪ | ਧ | ਧ | ਪ | ਪ | ਮੇਪ | ਧਪ | ਮ | ਸ | ਰੇ | ਰੇ | ਸ | ਸ |
| ਪ੍ਰਿ | ਅ | ਰੰ | ਗ | ਦੇ | S | ਖੈ | S | ਪ੍ਰਿਅ | SS | ਰੰ | ਗ | ਦੇ | S | ਖੈ | S |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਸਂ | ਸਂ | ਸਂ | ਨੀ | ਧ | ਧ | ਪ | ਪ | ਪ | ਮੇ | ਧ | ਪ | ਸ | ਮ | ਸ | ਸ |
| ਜ | ਪ | ਤੀ | ऽ | ਨਾ | ऽ | ਮ | ਨਿ | ਧਾ | ऽ | ऽ | ऽ | ਨੀ | ऽ | ऽ | ऽ |
| *ਅੰਤਰਾ :* | | | | | | | | | | | | | | | |
| ਪ | ਪ | ਪ | ਪ | ਨੀ | ਧ | ਸਂ | ਸਂ | ਰੇਂ | ਮਂ | ਰੇਂ | ਸਂ | ਰੇਂ | ਰੇਂ | ਸਂ | ਸਂ |
| ਦ | ਰ | ਸ | ਨ | ਪਿ | ਆ | ਸ | ਲੋ | ਚ | ਨ | ਤਾ | ਰ | ਲਾ | ऽ | ਗੀ | ऽ |
| ਸ | ਸ | ਪ | ਪ | ਧ | ਧ | ਪ | ਪ | ਸਂ | ਨੀ | ਧ | ਪ | ਮੇ | ਪ | ਸ | ਸ |
| ਬਿ | ਸ | ਰੀ | ऽ | ਤਿਆ | ऽ | ਸ | ਬਿ | ਡਾ | ऽ | ऽ | ऽ | ਨੀ | ऽ | ਮਾ | ਈ |

**ਰਾਗ ਕਲਿਆਣ:**

**ਅਰੋਹ** : .ਨੀ ਰੇ ਗ, ਮੇ ਪ, ਮੇ ਧ, ਨੀ, ਸਂ। **ਅਵਰੋਹ** : ਸਂ ਨੀ ਧ ਪ, ਮੇ ਗ, ਰੇ .ਨੀ ਰੇ ਸ।

**ਵਾਦੀ** : ਗੰਧਾਰ **ਸੰਵਾਦੀ** : ਨੀਸ਼ਾਦ

**ਸੁਰ** : ਮਧਿਅਮ ਤੀਵਰ, ਬਾਕੀ ਸਾਰੇ ਸ਼ੁਧ **ਸਮਾਂ** : ਰਾਤ ਦਾ ਪਹਿਲਾ ਪਹਿਰ **ਥਾਟ** : ਕਲਿਆਣ

**ਜਾਤੀ** : ਸੰਪੂਰਨ-ਸੰਪੂਰਨ **ਮੁੱਖ ਅੰਗ** : .ਨੀ ਰੇ ਗ, ਗ ਰੇ ਗ ਮੇ ਪ ਰੇ, .ਨੀ ਰੇ ਸ।

**ਸੁਰ ਵਿਸਥਾਰ**:1. ਸ, .ਨੀ ਰੇ ਸ, .ਨੀ .ਧ .ਨੀ .ਪ, .ਮੇ .ਧ .ਨੀ, .ਨੀ .ਧ .ਨੀ ਰੇ ਸ, .ਨੀ ਰੇ ਗ, ਰੇ ਗ ਮੇ ਗ ਮੇ ਪ, ਮੇ ਗ ਮੇ ਧ ਪ, ਪ ਮੇ ਗ ਰੇ ਗ, ਰੇ .ਨੀ ਰੇ ਸ।

2. ਗ ਮੇ ਪ, ਮੇ ਗ ਮੇ ਧ ਨੀ, ਨੀ ਧ ਨੀ ਰੇਂ ਸਂ, ਨੀ ਰੇਂ ਗਂ, ਰੇਂ ਗਂ ਮੇਂ ਗਂ, ਰੇਂ ਗਂ ਰੇਂ ਨੀ ਰੇਂ ਸਂ, ਨੀ ਧ ਨੀ ਪ, ਪ ਧ ਮੇ ਪ ਗ ਮੇ ਰੇ ਗ, ਰੇ ਗ ਮੇ ਪ ਰੇ, ਗ ਰੇ .ਨੀ ਰੇ ਸ।

**ਰਾਗ ਕਲਿਆਣ ਤਾਲ ਕਹਿਰਵਾ**

| 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|
| *ਸਥਾਈ :* | | | | | | | | | | | | | | | |
| ਪ | ਮੇ | ਪਮੇ | ਗ | ਰੇ | ਗ | ਗ | ਗ | ਧਪ | ਗ | ਰੇ | ਧ਼ | ਨ਼ੀਰੇ | ਸ | ਸ | ਸ |
| ਮੇਰੇ | ਲਾ | ਲਨ | ਕੀ | ਸੋ | ਭਾ | ऽ | ऽ | ਸੋऽ | ਭਾ | ऽ | ऽ | ਸੋऽ | ਭਾ | ऽ | ऽ |
| ਪ | ਮੇ | ਪਮੇ | ਗ | ਰੇ | ਗ | ਗ | ਗ | ਧਪ | ਗ | ਰੇ | ਧ਼ | ਨ਼ੀਰੇ | ਸ | ਸ | ਪ |
| ਮੇਰੇ | ਲਾ | ਲਨ | ਕੀ | ਸੋ | ਭਾ | ऽ | ऽ | ਸੋऽ | ਭਾ | ऽ | ऽ | ਸੋऽ | ਭਾ | ऽ | ਸਦ |
| ਪ | ਪ | ਪ | ਪ | ਪਧ | ਧਨੀ | ਨੀਧ | ਪਧ | ਧਪ | ਮੇਧ | ਪਮੇ | ਗ | ਗ | ਪ | ਪ | ਪ |
| ਨਵ | ਤ | ਨ | ऽ | ਮਨ | ਰੰऽ | ऽऽ | ਗੀऽ | ऽऽ | ਸੋऽ | ऽऽ | ਭਾ | ऽ | ऽ | ऽ | ਸਦ |
| ਪ | ਪ | ਪ | ਪ | ਪਧ | ਧਨੀ | ਨੀਧ | ਪਧ | ਧਪ | ਮੇਧ | ਪਮੇ | ਗ | | | | |
| ਨਵ | ਭ | ਨ | ऽ | ਮਨ | ਰੰऽ | ऽऽ | ਗੀऽ | ऽऽ | ਸੋऽ | ऽऽ | ਭਾ | | | | |
| *ਅੰਤਰਾ :* | | | | | | | | | | | | | | | |
| ਨੀਧ | ਨੀਸਂ | ਨੀ | ਨੀ | ਧ | ਪਧ | ਮੇ | ਮੇ | ਮੇਧ | ਸਂਨੀ | ਪ | ਰੇ, | ਗ | ਗ | ਗ | ਗ |
| ਬ੍ਰਹ | ਮਮ | ਹੇ | ऽ | ਸ | ऽऽ | ऽ | ऽ | ਸਿਧ | ਮੁਨ | ਇ | ऽ | ਦਾ | ऽ | ऽ | ऽ |
| ਨੀਧ | ਨੀਸਂ | ਨੀ | ਨੀ | ਧ | ਪਧ | ਮੇ | ਮੇ | ਮੇਧ | ਸਂਨੀ | ਪ | ਰੇ | ਗ | ਗ | ਗ | ਗ |
| ਬ੍ਰਹ | ਮਮ | ਹੇ | ऽ | ਸ | ऽऽ | ऽ | ऽ | ਸਿਧ | ਮੁਨ | ਇ | ऽ | ਦਾ | ऽ | ਭਗ | ਤਿਦਾ |
| ਗ | ਗਰੇ | ਮੇ | ਮੇ | ਮੇ | ਮੇ | ਮੇ | ਮੇਧ | ਪ | ਮੇ | ਗ | ਗ | | | | |
| ऽਨ | ਜਸ | ਮੰ | ਗੀ | ऽ | ऽ | ਭਗ | ਤਿਦਾ | ऽਨ | ਜਸ | ਮੰ | ਗੀ | | | | |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਕਲਿਆਨ ਮਹਲਾ ੫ ॥ | Kalyan 5th Guru. | ਕਲਿਆਨ ਪੰਜਵੀਂ ਪਾਤਿਸ਼ਾਹੀ। |
|---|---|---|
| ਮੇਰੇ ਲਾਲਨ ਕੀ ਸੋਭਾ ॥ ਸਦ ਨਵਤਨ ਮਨ ਰੰਗੀ ਸੋਭਾ ॥੧॥ | Wondrous is the magnificence of my Beloved. Ever fresh and new and pleasing unto the mind is His glory. | ਅਦਭੁਤ ਹੈ ਪ੍ਰਭਤਾ ਮੈਂਡੇ ਪ੍ਰੀਤਮ ਦੀ। ਸਦੀਵ ਹੀ ਨਵੀ ਨੁੱਕ ਅਤੇ ਚਿਤ ਨੂੰ ਖੁਸ਼ ਕਰਨ ਵਾਲੀ ਹੈ ਉਸ ਦੀ ਕੀਰਤੀ। |
| ਰਹਾਉ ॥ | Pause. | ਠਹਿਰਾਉ। |
| ਬ੍ਰਹਮ ਸਹੇਸ ਸਿਧ ਮੁਨਿ ਇੰਦ੍ਰਾ ਭਗਤਿ ਦਾਨੁ ਜਸੁ ਮੰਗੀ ॥੧॥ | Brahma, Shiva, adepts, sillent sages and Indra ask for the alms of the Lord's meditation and praise. | ਬ੍ਰਹਮਾ, ਸ਼ਿਵਜੀ, ਕਰਾਮਾਤੀ ਪੁਰਸ਼, ਚੁਪ ਕਰੀਤੇ ਰਿਸ਼ੀ ਅਤੇ ਇੰਦ੍ਰ ਸੁਆਮੀ ਦੇ ਸਿਮਰਨ ਅਤੇ ਕੀਰਤੀ ਦੀ ਖੈਰ ਮੰਗਦੇ ਹਨ। |
| ਜੋਗ ਗਿਆਨ ਧਿਆਨ ਸੇਖ ਨਾਗੈ ਸਗਲ ਜਪਹਿ ਤਰੰਗੀ ॥ | The yogis, divines, men of reflection and the thousand hooded serpent, all meditate on the playful Lord. | ਯੋਗੀ ਬ੍ਰਹਮ ਬੇਤੇ, ਵਿਚਾਰਵਾਨ ਅਤੇ ਹਜ਼ਾਰਾਂ ਫਣਾਂ ਵਾਲਾ ਸਰਪ ਸਾਰੇ ਹੀ ਚੋਜੀ ਪ੍ਰਭ ਦਾ ਸਿਮਰਨ ਕਰਦੇ ਹਨ। |
| ਕਹੁ ਨਾਨਕ ਸੰਤਨ ਬਲਿਹਾਰੈ ਜੋ ਪ੍ਰਭ ਕੇ ਸਦ ਸੰਗੀ ॥੨॥੩॥ | Says Nanak, I am a sacrifice unto the saints, who are the perpetual associates of the Lord. | ਗੁਰੂ ਜੀ ਆਖਦੇ ਹਨ, ਮੈਂ ਸਾਧੂਆਂ ਉਤੋਂ ਕੁਰਬਾਨ ਜਾਂਦਾ ਹਾਂ, ਜੋ ਸੁਆਮੀ ਦੇ ਨਿਤ ਦੇ ਹਮਜੋਲੀ ਹਨ। |

▲ ▲ ▲

| ਕੇਦਾਰਾ ਮਹਲਾ ੫ ਘਰੁ ੨ | Kedara 5th Guru. | ਕੇਦਾਰਾ ਪੰਜਵੀਂ ਪਾਤਿਸ਼ਾਹੀ |
|---|---|---|
| ੴ ਸਤਿਗੁਰ ਪ੍ਰਸਾਦਿ ॥ | There is but One God. By the True Guru's grace, He is obained. | ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਮਾਈ ਸੰਤ ਸੰਗਿ ਜਾਗੀ ॥ | O my mother, in the society of the saints I am awakened. | ਹੇ ਮੇਰੀ ਮਾਤਾ! ਸੰਤਾਂ ਦੀ ਸੰਗਤ ਅੰਦਰ ਮੈਂ ਜਾਗ ਪਈ ਹਾਂ। |
| ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ ॥ | Seeing the love of my Beloved, I utter His Name, the treasure of bliss. | ਆਪਣੇ ਪ੍ਰੀਤਮ ਦੇ ਪਿਆਰ ਨੂੰ ਵੇਖ, ਮੈਂ ਉਸ ਦੇ ਨਾਮ ਨੂੰ ਉਚਾਰਦੀ ਹਾਂ ਜੋ ਕਿ ਖੁਸ਼ੀ ਦਾ ਖਜ਼ਾਨਾ ਹੈ। |
| ਰਹਾਉ ॥ | Pause. | ਠਹਿਰਾਉ। |
| ਦਰਸਨ ਪਿਆਸ ਲੋਚਨ ਤਾਰ ਲਾਗੀ ॥ | Thirsting for His vision, mine eyes incessant glance is fixed on Him. | ਉਸ ਦੇ ਦੀਦਾਰ ਦੀ ਤ੍ਰੇਹ ਅੰਦਰ ਮੇਰੇ ਨੇਤ੍ਰਾਂ ਦੀ ਇਕ ਟਕ ਨੀਝ ਉਸ ਦੇ ਉਤੇ ਲਗੀ ਹੋਈ ਹੈ। |
| ਬਿਸਰ ਤਿਆਸ ਬਿਡਾਨੀ ॥੧॥ | I have forgotten other thirsts now. | ਮੈਨੂੰ ਹੁਣ ਹੋਰ ਤ੍ਰਹਾ (ਪਿਆਸਾ) ਭੁਲ ਗਈਆਂ ਹਨ। |

| | | |
|---|---|---|
| ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ ਦਰਸਨੁ ਪੇਖਤ ਮਨੁ ਲਪਟਾਨੀ ॥ | I have now found my poise and peace-giving Guru. Seeing his sight, mind has clung to him. | ਮੈਂ ਹੁਣ ਆਪਣੇ ਅਡੋਲਤਾ ਅਤੇ ਆਰਾਮ ਦੇਣਹਾਰ ਗੁਰਦੇਵ ਜੀ ਨੂੰ ਪਾ ਲਿਆ ਹੈ। ਉਨ੍ਹਾਂ ਦਾ ਦੀਦਾਰ ਦੇਖ, ਮੇਰਾ ਮਨੂਆ ਉਨ੍ਹਾਂ ਨਾਲ ਚਿਮੜ ਗਿਆ ਹੈ। |
| ਦੇਖਿ ਦਮੋਦਰ ਰਹਸੁ ਮਨਿ ਉਪਜਿਓ ਨਾਨਕ ਪਿਅ ਅੰਮ੍ਰਿਤ ਬਾਨੀ ॥੨॥੧॥ | Seeing my Lord, joy has welled up in my mind. Nanak, Nectar sweet is the speech of my Loved-spouse. | ਆਪਣੇ ਸੁਆਮੀ ਨੂੰ ਵੇਖ ਕੇ ਮੇਰੇ ਚਿਤ ਅੰਦਰ ਖੁਸ਼ੀ ਉਤਪੰਨ ਹੋ ਗਈ ਹੈ। ਨਾਨਕ, ਆਬਿ-ਹਿਯਾਤ ਵਰਗੀ ਮਿੱਠੜੀ ਹੈ ਮੇਰੇ ਪਿਆਰੇ ਪਤੀ ਦੀ ਬੋਲ-ਬਾਣੀ। |